# ਸਮਤਾ

ਅਪ੍ਰੈਲ1981 (ਅੰਕ 11)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸ਼ੈਲੇਸ਼ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਅਪਰੈਲ, 1981

# 11

## ਇਸ ਅੰਕ ਵਿਚ :


ਸੰਪਾਦਕੀ :

ਅਧੂਰਾ ਇਨਕਲਾਬ : ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਨਿਸ਼ਾਨਿਆਂ ਦੀ ਪ੍ਰਾਪਤੀ ਬਾਰੇ ।

ਸਾਹਿਤ ਵਿਚ ਨਾਕਰਮਤਾ : ਮਾਰਕਸੀ ਆਲੋਚਕਾਂ ਦੀ ਨਕਸਲੀ ਸਾਹਿਤ ਦੀ ਇਕ ਪੱਖੀ ਆਲੋਚਨਾਂ ਦੀ ਦੇਣ ।

ਬਸ ਕਿਰਾਇਆ ਘੋਲ : ਖੱਬੇ ਪੱਖੀ ਪਾਰਟੀਆਂ ਦਾ ਗ਼ਲਤ ਪੈਂਤੜਾ ।

ਸਾਡਾ ਅਧਿਆਪਕ ਵਰਗ : ਅਧਿਆਪਕ ਯੂਨੀਅਨ ਦੇ ਜ਼ਿੰਮੇਂਵਾਰ ਲੋਕਾਂ ਦੀ ਗ਼ਲਤ ਰੁਝਾਣਾਂ ਵਿਰੁਧ ਸਰਗਰਮ ਦਖ਼ਲਅੰਦਾਜ਼ੀ ਦੀ ਲੋੜ ।

ਕਹਾਣੀਆਂ : ਹਮਦਰਦਵੀਰ, ਅਜੀਤ ਸਿੰਘ ਪਤੋ ਅਤੇ ਇਕ ਹਿੰਦੀ ਕਹਾਣੀ

ਕਵਿਤਾਵਾਂ : ਦਰਸ਼ਨ ਖੱਟਕੜ, ਸੁਖਪਾਲ ਸਿੰਘ, ਹਰਭਜਨ ਸਿੰਘ ਹੁੰਦਲ, ਹਰਨਾਮ ਸਿੰਘ ਨਾਜ਼ ਅਤੇ ਸ਼ਿਵਦੇਵ ਸਿੰਘ

ਸਾਡੀ ਸਿਹਤ : ਚੰਗੀ ਸਿਹਤ ਲਈ ਸੰਘਰਸ਼ ਸਾਡੇ ਇਨਕਲਾਬੀ ਸੰਘਰਸ਼ ਦਾ ਇਕ ਅੰਗ
— ਡਾਕਟਰ ਅਮਰ ਸਿੰਘ ਆਜ਼ਾਦ

ਵੀਹ ਨੁਕਾਤੀ ਪ੍ਰੋਗ੍ਰਾਮ : ਵੀਹਵੀਂ ਸਦੀ ਦਾ ਸਭ ਤੋਂ ਵੱਡਾ ਧੋਖਾ — ਪ੍ਰੋ. ਭਾਰਦਵਾਜ

ਚੀਨ ਦਾ ਬਦਲਿਆ-ਸਭਿਆਚਾਰਕ ਦ੍ਰਿਸ਼ : ਇਕ ਰੀਪੋਰਟ

ਪਾਠਕੀ : ਇਕ ਚਿੱਠੀ ਜੇਲ ਤੋਂ — ਬਲਦੇਵ ਸਿੰਘ ਮਾਨ, ਪਛੜੇ ਵਰਗ ਵਿਚ ਕਮਿਊਨਿਸਟਾਂ ਦਾ ਵਰਤਾਰਾ, —ਗੁਰਨਾਮ ਸਿੰਘ

ਇਕ ਝਲਕੀ : ਗੱਡੀ ਦੇ ਸਫ਼ਰ ਦੌਰਾਨ —ਗੁਲਜੀਤ



ਮੁੱਲ ਦੋ ਰੁਪਏ

# ਸੰਪਾਦਕੀ

## ਅਧੂਰਾ ਇਨਕਲਾਬ

23 ਮਾਰਚ 1981 ਉਹ ਦਿਨ ਹੈ। ਜਦੋਂ ਇਸ ਸਦੀ ਦੇ ਸ਼ਾਂਤ ਦੇਸ਼ ਦੇ ਤਿੰਨ ਮਹਾਨ ਸ਼ਹੀਦਾਂ ਨੂੰ ਫਾਂਸੀ ਦਾ ਰੱਸਾ ਚੁੰਮਿਆਂ 50 ਸਾਲ ਹੋ ਜਾਣਗੇ। ਰਾਜਗੁਰੂ ਸੁਖਦੇਵ, ਭਗਤ ਸਿੰਘ ਕਿਸ ਮੰਤਵ ਲਈ ਸ਼ਹੀਦ ਹੋਏ ? ਇਹਦੇ ਬਾਰੇ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ। ਉਹਨਾਂ ਦਾ ਮੰਤਵ ਬਿਲਕੁਲ ਸਪਸ਼ਟ ਸੀ ਉਹ ਆਪਣੇ ਦੇਸ਼ ਨੂੰ ਅੰਗਰੇਜ਼ਾਂ ਕੋਲੋਂ ਆਜ਼ਾਦ ਕਰਵਾਕੇ ਇਥੇ ਇਕ ਸੋਸ਼ਲਿਸਟ ਸਮਾਜ ਬਨਾਉਣਾ ਚਾਹੁੰਦੇ ਸਨ, ਐਸਾ ਸਮਾਜ ਜਿਥੇ ਮਨੁੱਖ ਦੇ ਹਥੋਂ ਮਨੁੱਖ ਦੀ ਲੁੱਟ ਨਾ ਹੋ ਸਕੇ। ਸਹੀ ਮੈਨਿਆਂ ਵਿਚ ਉਹ ਦੇਸ਼ ਵਿਚ ਇਕ ਇਨਕਲਾਬ ਲਿਆਉਣਾ ਚਾਹੁੰਦੇ ਸਨ ਅਜ ਪੰਜਾਹ ਸਾਲਾਂ ਬਾਅਦ ਜਦੋਂ ਅਸੀਂ ਇਹਨਾਂ ਸ਼ਹੀਦਾਂ ਦੀ ਯਾਦ ਥਾਂ ਥਾਂ ਤੇ ਮਨਾ ਰਹੇ ਹਾਂ ਤਾਂ ਸਾਨੂੰ ਇਹ ਲੇਖਾ ਜੋਖਾ ਕਰਨਾ ਪਵੇਗਾ ਕਿ ਅਸੀਂ ਇਹਤਾਂ ਸ਼ਹੀਦਾਂ ਦੇ ਸੁਪਨਿਆਂ ਨੂੰ ਕਿੰਨਾ ਕੁ ਸਾਕਾਰ ਕੀਤਾ ਹੈ ? ਜੇ ਅਸੀਂ ਸਾਕਾਰ ਨਹੀਂ ਕਰ ਸਕੇ ਤੇ ਇਹਦਾ ਕਾਰਨ ਕੀ ਹੈ ?

ਅਜ ਦੇ ਹਿੰਦੋਸਤਾਨ ਤੇ ਜੇ ਨਜ਼ਰ ਮਾਰੀਏ ਤਾਂ ਇਹ ਦਿਨ ਦੇ ਚਾਨਣੇ ਵਾਂਗ ਰੌਸ਼ਨ ਹੈ ਕਿ ਸਾਡੇ ਸਮਾਜ ਦੀ ਕੋਈ ਵੀ ਐਸੀ ਪ੍ਰਾਪਤੀ ਨਹੀਂ ਜਿਸ ਬਾਰੇ ਇਹ ਕਿਹਾ ਜਾ ਸਕੇ ਕਿ ਇਹ ਸ਼ਹੀਦਾਂ ਦੇ ਕਿਸੇ ਆਦਰਸ਼ ਨੂੰ ਨੇੜਿਓਂ ਤੇੜਿਓਂ ਵੀ ਪੂਰਾ ਕਰਦੀ ਹੋਵੇ। ਇਸ ਨਿਜਾਮ ਦਾ ਭ੍ਰਿਸ਼ਟਾਚਾਰ ਜ਼ਿੰਦਗੀ ਵਿਚ ਜੋ ਕੁਝ ਵੀ ਚੰਗਾ ਸੀ, ਉਸ ਨੂੰ ਪੂਰੀ ਤਰ੍ਹਾਂ ਹੜੱਪ ਕਰ ਗਿਆ ਹੈ ਤੇ ਅਸੀਂ ਹਰ ਖੇਤਰ ਵਿਚ ਨਿਘਾਰ ਦੀਆਂ ਹੇਠਲੀਆਂ ਤਹਿਵਾਂ ਤਕ ਪੁੱਜ ਗਏ ਹਾਂ ਅਤੇ ਹਰ ਪਾਸੇ ਮਾਯੂਸੀ ਹੀ ਮਾਯੂਸੀ ਹੈ। ਜੇ ਇਨਕਲਾਬ ਦੀ ਗੱਲ ਕਰੀਏ ਤਾਂ ਕਈ ਵਾਰ ਮਜ਼ਾਕ ਹੀ ਉਡਾਇਆ ਜਾਂਦਾ ਹੈ ਕਿ ਤੁਸੀਂ ਕਿਹੜੇ ਲੋਕਾਂ ਵਿਚ ਇਨਕਲਾਬ ਲਿਆਉਣਾ ਚਾਹੁੰਦੇ ਹੋ ? ਤੁਸੀਂ ਇਨਕਲਾਬ ਦੀਆਂ ਗੱਲਾਂ ਕਰਦੇ ਹੋ, ਇਥੇ ਤਾਂ ਲੋਕ ਕਿਸੇ ਨਿੱਕੀ ਜਹੀ ਗੱਲ ਬਾਰੇ ਵੀ ਸੰਘਰਸ਼ ਕਰਨ ਬਾਰੇ ਚੇਤਣ ਨਹੀਂ ਤੇ ਤੁਸੀਂ ਇਹ ਵਡੀਆਂ ਵਡੀਆਂ ਗਲਾਂ ਕਰਦੇ ਹੋ ! ਜਿਥੇ ਦੇਸ਼ ਬਾਰੇ ਕਹੀ ਉੱਤਲੀ ਪਹਿਲੀ ਗੱਲ ਪੂਰਾ ਸੱਚ ਹੈ, ਦੂਜੀ ਕਹੀ ਗੱਲ ਪੂਰਾ ਸੱਚ ਨਹੀਂ। ਕਿਉਂ ? ਇਸ ਲਈ ਕਿ ਜੇਕਰ 50 ਸਾਲ ਪਹਿਲਾਂ ਲੋਕਾਂ ਵਿਚ ਇਨਕਲਾਬ ਚੇਤਨਤਾ ਮੌਜੂਦ ਸੀ ਅਤੇ ਉਹ ਹਜ਼ਾਰਾਂ ਦੀ ਗਿਣਤੀ ਵਿਚ ਸੜਕਾਂ ਤੇ ਆਕੇ ਇਸ ਦਾ ਸਬੂਤ ਦੇਂਦੇ ਸਨ ਤਾਂ ਹੁਣ ਇਹ ਚੇਤਨਤਾ ਕਿਉਂ ਨਹੀਂ ? ਚੇਤਨਤਾ ਪੂਰੀ ਤਰ੍ਹਾਂ ਹੈ। ਲੋਕ ਇਨਕਲਾਬ ਦੇ ਹਾਮੀਂ ਹਨ, ਉਹ ਚੰਗਾ ਸਮਾਜ ਬਨਾਉਣਾ ਚਾਹੁੰਦੇ ਹਨ, ਉਹਦੇ ਲਈ ਸੰਘਰਸ਼ ਕਰਨਾ ਚਾਹੁੰਦੇ ਹਨ ਪਰ ਜਿਨ੍ਹਾਂ ਨੇ ਉਹਨਾਂ ਦੀ ਅਗਵਾਈ ਕਰਨੀ ਹੈ, ਉਹ ਇਸ ਦੇ ਕਾਬਿਲ ਨਹੀਂ ਬਣ ਰਹੇ। ਆਪਣੀ ਨਾਲਾਇਕੀ ਨੂੰ ਦੂਜਿਆਂ ਦੇ ਸਿਰ ਤੇ ਮੜਨਾਂ ਇਕ ਗ਼ੈਰ ਜ਼ਿਮੇਂਵਾਰੀ ਹੈ। ਆਓ ਇਸ ਬਾਰੇ ਪਿਛਲੇ 50 ਸਾਲਾਂ ਤੇ ਨਜ਼ਰ ਮਾਰੀਏ।

ਭਗਤ ਸਿੰਘ ਹੋਰਾਂ ਨੂੰ ਜਦੋਂ ਫਾਂਸੀ ਲਗੀ ਤਾਂ ਆਜ਼ਾਦੀ ਦੀ ਲੜਾਈ ਵਿਚ ਦੋ ਲਾਈਨਾਂ ਸਾਹਮਣੇ ਨਿਖਰ ਕੇ ਆ ਗਈਆਂ ਸਨ। ਇਕ ਲਾਈਨ ਗਾਂਧੀ ਵਾਦੀ ਸੀ ਤੇ ਇਕ ਲਾਈਨ ਸੰਗਰਾਮੀ ਇਨਕਲਾਬ ਦੀ ਸੀ। ਗਾਂਧੀ ਵਾਦੀਆਂ ਨੇ ਡੱਟਕੇ ਭਗਤ ਸਿੰਘ ਹੋਰਾਂ ਦੀ ਲਾਈਨ ਦੀ ਮੁਖਾਲਫਤ ਕੀਤੀ। ਆਮ ਤੌਰ ਤੇ ਬੜੀ ਸਭਿਆ ਜ਼ਬਾਨ ਵਰਤਨ ਵਾਲਾ ਮਹਾਤਮਾ, ਜਦੋਂ ਭਗਤ ਸਿੰਘ ਦੀ ਗੱਲ ਕਰਦਾ ਸੀ ਤਾਂ ਅਸਭਿਅ ਜ਼ਬਾਨ ਵਰਤਨ ਤੋਂ ਵੀ ਗ਼ੁਰੇਜ਼ ਨਹੀਂ ਕਰਦਾ ਸੀ। ਆਪਣੇ ਅਖਬਾਰ 'ਯੰਗ ਇੰਡੀਆ' ਵਿਚ ਉਹ ਇਕ ਥਾਂ ਲਿਖਦਾ ਹੈ "ਸ: ਭਗਤ ਸਿੰਘ ਦੇ ਖਿਆਲਾਂ ਨੇ ਦੇਸ਼ ਨੂੰ ਬੇਹੱਦ ਨੁਕਸਾਨ ਪੁਚਾਇਆ ਹੈ। ਜਿਥੇ ਜਿਥੇ ਇਸ ਦੇ ਖਿਆਲਾਤ ਫੈਲ ਰਹੇ ਹਨ, ਉਥੇ ਉਥੇ ਗੁੰਡਾ ਗਰਦੀ ਅਤੇ ਬਦਇਖਲਾਕੀ ਫੈਲ ਰਹੀ ਹੈ।"

ਜਦੋਂ ਗਾਂਧੀ ਭਗਤ ਸਿੰਘ ਦੇ ਬਾਰੇ ਇਤਨਾਂ ਸਪੱਸ਼ਟ ਸੀ ਅਤੇ ਉਹਨੂੰ ਜਾਂ ਉਹਦੇ ਸਾਥੀਆਂ ਨੂੰ ਗੁੰਡਾ ਸਮਝਦਾ ਸੀ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਭਗਤ ਸਿੰਘ ਦੇ ਸਾਥੀਆਂ ਨੇ ਭਗਤ ਸਿੰਘ ਦੇ ਬਾਅਦ ਗਾਂਧੀ ਤੇ ਉਹਦੀਆਂ ਨੀਤੀਆਂ ਨੂੰ ਨੰਗਾ ਕਰਨ ਵਿਚ ਜੁਰਅਤ ਨਾਲ ਕਿਉਂ ਨਾ ਕੰਮ ਲਿਆ ? ਉਹਨਾਂ ਨੇ ਕਿਉਂ ਉਹਦਾ ਲਿਹਾਜ਼ ਕੀਤਾ ? ਕਿਉਂ ਉਹਦਾ ਸਤਿਕਾਰ ਆਜ਼ਾਦੀ ਦੀ ਲਹਿਰ ਵਿਚ ਵੱਧਨ ਦਿਤਾ ? 1931 ਤੋਂ ਲੈਕੇ 1947 ਤਕ ਇਹ ਮਹਾਤਮਾ ਕਈ ਖੇਡਾਂ ਖੇਡਦਾ ਰਿਹਾ ਤੇ ਸਾਡੇ ਉਹ ਲੋਕ ਜਿਨਾਂ ਨੇ ਆਜ਼ਾਦੀ ਦੀ ਲੜਾਈ ਨੂੰ ਇਨਕਲਾਬ ਵਲ ਦੀ ਸੇਧ ਦੇਣੀ ਸੀ, ਉਹ ਭੰਬਲ ਭੂਸਿਆਂ ਵਿਚ ਹੀ ਪਏ ਰਹੇ। ਦੂਜੀ ਸੰਸਾਰ ਯੁੱਧ ਦੇ ਸਮੇਂ ਸਾਡੇ ਇਨਕਲਾਬੀ ਦੁਨੀਆਂ ਦੇ ਇਨਕਲਾਬ ਬਾਰੇ ਤਾਂ ਫਿਕਰਮੰਦ ਰਹੇ ਪਰ ਗਾਂਧੀ ਤੇ ਉਹਦੇ ਸਾਥੀ ਹਿੰਦੋਸਤਾਨ ਦੇ ਇਨਕਲਾਬ ਨੂੰ ਜਿਹੜੀ ਮਾਰੂ ਹਾਨੀਂ ਪੁੱਚਾ ਰਹੇ ਸੀ, ਉਹਦੇ ਬਾਰੇ ਇਕ ਵੀ ਐਂਟੀਗਾਂਧੀ ਲਹਿਰ ਨੂੰ ਲਾਮਬੰਦ ਨਾਂ ਕਰ ਸਕੇ। 1946 ਦੀ ਜਹਾਜ਼ੀਆਂ ਦੀ ਬਗ਼ਾਵਤ ਵੇਲੇ ਵੀ ਹੋਈਆਂ ਬੰਬਈ ਵਿਚ ਮਜ਼ਦੂਰਾਂ ਦੀ ਹੜਤਾਲਾਂ ਕਰਨ ਵਾਲਿਆਂ ਨੂੰ ਗਾਂਧੀ ਅਤੇ ਉਹਦੇ ਚੇਲਿਆਂ ਨੇ 'ਗੁੰਡੇ' ਕਿਹਾ ਸੀ। ਗਾਂਧੀ ਸਭ ਕੁਝ ਕਰਦਿਆਂ ਮਹਾਤਮਾ ਗਾਂਧੀ ਰਿਹਾ, ਬਾਪੂ ਗਾਂਧੀ ਰਿਹਾ। ਸਾਡੇ ਇਨਕਲਾਬੀ ਭੁੱਲ ਗਏ ਕਿ ਗਾਂਧੀ ਦਾ ਇਮੇਜ ਤੋੜੇ ਬਿਨਾਂ ਹਿੰਦੋਸਤਾਨ ਦਾ

ਦਾ ਇਨਕਲਾਬ ਅਗੇ ਨਹੀਂ ਵੱਧ ਸਕਦਾ, ਉਨ੍ਹਾਂ ਨੇ ਇਸ ਗਲ ਵਲ ਕੋਤਾਹੀ ਕੀਤੀ, ਜਿਹਦੀ ਕੀਮਤ ਅਸੀਂ ਹਾਲੇ ਤਕ ਦੇ ਰਹੇ ਹਾਂ। 1931 ਤੋਂ ਲੈਕੇ 1946 ਤਕ ਕੋਈ ਵੀ ਐਸੀ ਪ੍ਰਮਾਣਿਤ ਲਿੱਖਤ ਨਹੀਂ ਮਿਲਦੀ ਜਿਸ ਵਿਚ ਗਾਂਧੀਵਾਦ ਦੇ ਖਿਲਾਫ ਸਾਡੇ ਇਨਕਲਾਬੀਆਂ ਨੇ ਕੋਈ ਵੀ ਯੋਜਨਾ ਬੰਦ ਸੰਘਰਸ਼ ਕੀਤਾ ਹੋਵੇ। ਇਤਹਾਸ ਵਿਚ ਆਜ਼ਾਦੀ ਲਿਆਉਣ ਵਾਲਾ ਨੇਤਾ ਮਹਾਤਮਾ ਗਾਂਧੀ ਹੀ ਸਥਾਪਤ ਹੋਇਆ ਹੈ। ਇਸ ਸਥਾਪਤੀ ਕਰਕੇ ਹੀ 1947 ਤੋਂ ਬਾਅਦ ਪਹਿਲੇ ਦੱਸ ਸਾਲ ਤਾਂ ਗਾਂਧੀ ਦੇ ਵਾਰਿਸ ਨਹਿਰੂ ਦਾ ਦੇਸ਼ ਵਾਸੀਆਂ ਤੇ ਬੇਪਨਾਹ ਅਸਰ ਰਸੂਖ ਰਿਹਾ ਹੈ, ਉਸ ਵੇਲੇ ਖੱਬੇ ਪੱਖੀ ਲੋਕਾਂ ਨੇ ਜੋ ਵੀ ਅੰਦੋਲਨ ਕੀਤਾ, ਉਹਨਾਂ ਨੂੰ ਮੂੰਹ ਦੀ ਖਾਣੀ ਪਈ। ਭਾਵੇਂ ਉਹ 1948 ਦੀ ਰੇਲਵੇ ਹੜਤਾਲ ਸੀ ਜਾਂ ਤਿਲੰਗਾਨਾ ਦਾ ਜ਼ਮੀਨੀ ਘੋਲ ਸੀ। ਨਹਿਰੂ ਦੀ ਉਸ ਵੇਲੇ ਦੇਸ਼ਵਾਸੀਆਂ ਦੇ ਦਿਲਾਂ ਤੇ ਪੂਰਾ ਗ਼ਲਬਾ ਸੀ। 1958 ਦੇ ਬਾਅਦ ਨਹਿਰੂ ਦਾ ਇਹ ਇਮੇਜ ਟੁੱਟਣਾ ਸ਼ੁਰੂ ਹੋ ਗਿਆ ਸੀ, ਪਰ ਦੁਖਾਂਤ ਇਹ ਹੈ ਕਿ ਜਦੋਂ ਇਹ ਇਮੇਜ ਟੁੱਟਿਆ, ਉਹਦੇ ਨਾਲ ਖੱਬੀਆਂ ਤਾਕਤਾਂ ਵੀ ਟੁੱਟ ਭੱਜ ਰਹੀਆਂ ਸਨ ਅਤੇ ਕਿਸੇ ਵੀ ਬੱਦਲ ਦੇ ਰੂਪ ਵਿਚ ਅਗੇ ਨਹੀਂ ਸਨ ਆ ਰਹੀਆਂ। 1962 ਤਕ ਨਹਿਰੂ ਦਾ ਪੱਤਨ ਹੋ ਚੁਕਿਆ ਸੀ, ਗਾਂਧੀ ਦੀ 'ਚਿੱਟੀ ਟੋਪੀ' ਨਫ਼ਰਤ ਅਤੇ ਟਿੱਚਕਰ ਦਾ ਚਿੰਨ੍ਹ ਬਣ ਚੁੱਕੀ ਸੀ, ਪਰ ਉਸ ਵੇਲੇ ਵੀ ਦੇਸ਼ ਦੇ ਰਾਜਸੀ ਸੀਨ ਤੋਂ ਇਨਕਲਾਬੀ ਗ਼ਾਇਬ ਸਨ ਤੇ ਸਥਿਤੀ ਦਾ ਕੋਈ ਫਾਇਦਾ ਨਾ ਲਿਆ ਜਾ ਸਕਿਆ। ਇਹਦੇ ਕਾਰਨ ਇਕ ਵੱਖਰੀ ਲੇਖ ਦੀ ਮੰਗ ਕਰਦੇ ਹਨ, ਪਰ ਮੁੱਕਦੀ ਗੱਲ ਇਹ ਹੈ ਕਿ ਸਾਡੇ ਇਨਕਲਾਬੀਆਂ ਨੇ ਹਰ ਇਤਹਾਸਕ ਮੋੜ ਤੇ ਆ ਕੇ ਸਿਧਾਂਤਕ ਲੜਾਈ ਲੜਣ ਤੋਂ ਗ਼ੁਰੇਜ ਕੀਤਾ ਅਤੇ ਇਨਕਲਾਬ ਵਿਰੋਧੀ ਅਨਸਰਾਂ ਨੇ ਇਹਦਾ ਫਾਇਦਾ ਉਠਾਕੇ ਦੇਸ਼ ਨੂੰ ਇਨਕਲਾਬ ਤੋਂ ਦੂਰ ਤੋਂ ਦੂਰ ਲਿਜਾਇਆ।

ਇਥੇ ਇਹ ਇਕ ਇਤਹਾਸਕ ਸਚਾਈ ਹੈ ਕਿ ਭਗਤ ਸਿੰਘ ਦੇ ਬਾਅਦ ਗਾਂਧੀਵਾਦ ਵਿਰੁਧ ਪਹਿਲਾ ਸੰਘਰਸ਼ 1967 ਵਿਚ ਅਰੰਭਿਆ ਗਿਆ ਜਦੋਂ ਪ੍ਰਤੀਕ ਅਮਲ ਦੇ ਤੌਰ ਤੇ ਗਾਂਧੀ ਦੇ ਬੁੱਤਾਂ ਨੂੰ ਨੁਕਸਾਨ ਪੁਚਾਇਆ ਗਿਆ। ਇਹ 1967 ਹੀ ਹੈ, ਜਦੋਂ ਫਿਰ ਤੋਂ ਭਗਤ ਸਿੰਘ ਤੇ ਉਹਦੇ ਸਾਥੀਆਂ ਦੀ ਗੱਲ ਦੇਸ਼ ਦੇ ਪਿੜ ਵਿਚ ਸ਼ੁਰੂ ਹੋਈ ਹੈ। 1947 ਤੋਂ 1967 ਤਕ ਇਹ ਸ਼ਹੀਦ ਬਿਲਕੁਲ ਭੁਲਾਏ ਹੋਏ ਸਨ, ਹਮੇਸ਼ਾ ਇਹੀ ਪ੍ਰਚਾਰ ਸੀ ਕਿ ਗਾਂਧੀ ਬਾਪੂ ਨੇ ਹੀ ਕੌਮ ਨੂੰ ਆਜ਼ਾਦੀ ਲੈਕੇ ਦਿਤੀ ਹੈ।

ਅਜ ਜਦੋਂ ਅਸੀਂ 1931 ਦੇ ਆਪਣੇ ਮਹਾਨ ਸ਼ਹੀਦਾਂ ਦੀ ਯਾਦ ਮਨਾ ਰਹੇ ਹਾਂ ਤੇ ਸਾਡੇ ਲਈ ਦੋ ਵਡੇ ਕੰਮ ਹਨ। ਪਹਿਲਾ ਕੰਮ ਤਾਂ ਇਹ ਹੈ ਕਿ ਅਸੀਂ ਲੋਕਾਂ ਦੇ ਦਿਲਾਂ ਵਿਚੋਂ ਇਹ ਭਰਮ ਕੱਢੀਏ ਕਿ ਮਹਾਤਮਾ ਗਾਂਧੀ ਜਾਂ ਉਹਦੀ ਕਾਂਗਰਸ ਨੇ ਜਿਹੜੀ ਆਜ਼ਾਦੀ ਦੀ ਲੜਾਈ ਲੜੀ ਸੀ, ਉਹ ਲੋਕਾਂ ਦੇ ਹਿੱਤਾਂ ਵਿਚ ਸੀ। ਅਸੀਂ ਜ਼ੋਰ ਦੇਈਏ ਕਿ ਇਹ ਲੜਾਈ ਦੇਸੀ ਸਰਮਾਏਦਾਰਾਂ ਦੇ ਫਾਇਦੇ ਲਈ ਲੜੀ ਗਈ ਸੀ। ਜੇ ਇਹ ਲੜਾਈ ਭਗਤ ਸਿੰਘ ਅਤੇ ਉਹਦੇ ਵਿਚਾਰਾਂ ਦੀ ਲੀਹ ਤੇ ਲੜੀ ਜਾਂਦੀ ਤਾਂ ਦੇਸ਼ ਦੀ ਰੂਪ ਰੇਖਾ ਹੋਰ ਹੋਣੀ ਸੀ। ਚੀਨ ਵਿਚ ਇਨਕਲਾਬ 1949 ਵਿਚ ਆਇਆ ਸੀ।

ਹਿੰਦੋਸਤਾਨ ਵਿਚ ਇਹ ਇਨਕਲਾਬ ਆਸਾਨੀ ਨਾਲ 1947 ਵਿਚ ਆ ਸਕਦਾ ਸੀ। ਦੂਜਾ ਕੰਮ ਹੈ ਕਿ ਅੱਜ ਦੇ ਸਮਾਜ ਦੀ ਨਿਘਰਦੀ ਹਾਲਤ ਬਾਰੇ ਲੋਕਾਂ ਨੂੰ ਮਾਯੂਸੀ ਦੇ ਪਾਤਾਲ ਵਿਚੋਂ ਕੱਢੀਏ। ਉਹਨਾਂ ਵਿਚ ਵਿਸ਼ਵਾਸ ਉਤਪੰਨ ਕਰੀਏ ਕਿ ਇਸ ਸਮਾਜ ਵਿਚ ਸੰਘਰਸ਼ਾਂ ਦੁਆਰਾ ਇਨਕਲਾਬੀ ਤਬਦੀਲੀਆਂ ਲਿਆਈਆਂ ਜਾ ਸਕਦੀਆਂ ਹਨ। ਸਿਧਾਂਤ ਅਤੇ ਅਮਲ ਦੋਨੋਂ ਮੋਰਚਿਆਂ ਤੇ ਇਹ ਜੰਗ ਲੜਣੀ ਪੈਣੀ ਹੈ। ਭਗਤ ਸਿੰਘ ਤੇ ਉਹਦੇ ਸਾਥੀਆਂ ਨੇ ਇਹ ਦੋਨੋਂ ਮੋਰਚੇ ਸਾਂਭੇ ਸਨ। ਸਮੇਂ ਨੇ ਉਹਨਾਂ ਨੂੰ ਇਜ਼ਾਜ਼ਤ ਨਾਂ ਦਿਤੀ ਕਿ ਉਹ ਇਸ ਇਨਕਲਾਬ ਦੇ ਕਾਰਜ ਨੂੰ ਨੇਪਰੇ ਚਾੜ੍ਹ ਸਕਦੇ ਪਰ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਇਸ ਅਧੂਰੇ ਕੰਮ ਨੂੰ ਪੂਰਾ ਕਰੀਏ।

o

## 2. ਸਾਹਿਤ ਵਿਚ ਨਾਕਰਮਤਾ

ਕੀ ਸਾਹਿਤ ਵਿਚ ਲਾਊਡ ਸੁਰ ਦੀ ਕੋਈ ਥਾਂ ਹੈ ? ਕੀ ਸਾਹਿਤਕ ਕਿਰਤਾਂ ਵਿਚ ਜੇਕਰ ਕੋਈ ਮਾਰਗ ਦਰਸ਼ਨ ਹੋਵੇ ਤਾਂ ਉਹ ਜ਼ਰੂਰੀ ਨਾਅਰਾ ਹੀ ਹੁੰਦਾ ਹੈ ? ਇਹਨਾਂ ਸਵਾਲਾਂ ਬਾਰੇ ਗੱਲਾਂ ਕਰਦਿਆਂ ਵਿਸ਼ੇਸ਼ ਤੌਰ ਤੇ ਇਕ ਗਲ ਆਖੀ ਗਈ ਸੀ ਕਿ ਪਿਛਲੇ ਕੁਝ ਸਾਲਾਂ ਵਿਚ ਆਲੋਚਨਾ ਦੀ ਇਕ ਰੁੱਚੀ ਕਿ ਸਿਆਸੀ ਤਥਾਂ ਨਾਲ ਵਾਬਸਤਾ ਹਰ ਇਕ ਸਾਹਿਤਕ ਕ੍ਰਿਤ ਨੂੰ 'ਨਾਅਰਾ' ਆਖ ਕੇ ਭੰਡ ਦੇਣਾ, ਸਾਹਿਤ ਉਤੇ ਮਾਰੂ ਅਸਰ ਪਾ ਰਿਹਾ ਹੈ ਅਤੇ ਸਾਹਿਤ ਵਿਚੋਂ ਮਾਇਕ ਦੀ ਸਿਰਜਣਾ ਹੀ ਗਾਇਬ ਹੁੰਦੀ ਜਾ ਰਹੀ ਹੈ। ਉਹ ਨਾਕਰਮਿਤਾ ਵਲ ਵੱਧ ਰਿਹਾ ਹੈ।

ਪੰਜਾਬੀ ਸਾਹਿਤ ਵਿਚ ਨਾਕਰਮਿਤਾ ਦੀ ਇਸ ਰੁੱਚੀ ਦੀ ਜਿਹੜੀ ਗੱਲ ਇਕ ਪਾਠਕ ਦੇ ਤੌਰ ਤੇ ਮੈਂ ਮਹਿਸੂਸ ਕੀਤੀ ਸੀ, ਉਸਨੂੰ ਆਲੋਚਨਾਂ ਦੇ ਖੇਤਰ ਵਿਚ ਕਾਮਰੇਡ ਸੋਹਣ ਸਿੰਘ ਜੋਸ਼ ਹੋਰਾਂ ਨੇ ਡਾ. ਦਲੀਪ ਕੌਰ ਟਿਵਾਨਾ ਦੇ ਨਾਵਲ 'ਪੀਲੇ ਪਤਿਆਂ ਦੀ ਦਾਸਤਾਨ' ਬਾਰੇ ਟਿਪਣੀ

ਕਰਦਿਆਂ ਛੋਹੀ ਹੈ, ਜੋ ਸਮਤਾ ਦੇ ਇਸੇ ਅੰਕ ਵਿਚ ਇਕ ਹੋਰ ਥਾਂ ਤੇ ਦਿਤੀ ਗਈ ਹੈ। ਇਸੇ ਮੱਸਲੇ ਨੂੰ ਪ੍ਰੋ. ਤੇਜਵੰਤ ਮਾਨ ਨੇ ਸੇਧ (ਮਾਰਚ 1981) ਵਿਚ 'ਗੁਰਦਿਆਲ ਸਿੰਘ ਦੇ ਨਾਵਲਾਂ ਦਾ ਨਾਇਕ' ਵਾਲੇ ਲੇਖ ਵਿਚ ਬਹੁਤ ਸਪੱਸ਼ਟ ਕੀਤਾ ਹੈ। ਡਾ. ਦਲੀਪ ਕੌਰ ਟਿਵਾਨਾ ਅਤੇ ਗੁਰਦਿਆਲ ਸਿੰਘ ਸਾਡੇ ਪ੍ਰਮੁਖ ਨਾਵਲਕਾਰਾਂ ਵਿਚੋਂ ਹਨ ਅਤੇ ਇਹਨਾਂ ਦੀ ਕਿਰਤਾਂ ਜਾਇਜ਼ ਤੌਰ ਤੇ ਕਿਸੇ ਵਿਚਾਰ ਵਟਾਂਦਰੇ ਵਿਚ ਮਿਸਾਲ ਵਲੋਂ ਲਏ ਜਾਣ ਦਾ ਹੱਕ ਰਖਦੀਆਂ ਹਨ।

ਪ੍ਰੋ. ਤੇਜਵੰਤ ਮਾਨ ਦੇ ਸੇਧ ਵਾਲੇ ਲੇਖ ਦਾ ਇਕ ਪੈਰਾ ਇਸ ਵਿਸ਼ੇ ਤੇ ਵਿਚਾਰ ਵਟਾਂਦਰੇ ਲਈ ਪੂਰੇ ਦਾ ਪੂਰਾ ਇਥੇ ਦਿਤਾ ਜਾਂਦਾ ਹੈ :–

"ਗੁਰਦਿਆਲ ਸਿੰਘ ਦੇ ਜਦੋਂ ਮੈਂ ਸਾਰੇ ਨਾਵਲਾਂ ਦਾ ਅਧਿਐਨ ਕੀਤਾ ਹੈ ਤਾਂ ਮੈਨੂੰ ਇਦਾਂ ਲਗਿਆ ਕਿ ਗੁਰਦਿਆਲ ਸਿੰਘ ਨੇ ਯਥਾਰਥ ਦੀ ਓਟ ਹੇਠ ਮਨੁੱਖ ਦੀ ਕਦੇ ਨਾ ਹਾਰਨ ਦੀ ਰੁੱਚੀ ਨੂੰ ਬੜੇ ਹੀ ਸਲੀਕੇ ਨਾਲ ਨਗੇਟ ਕਰ ਦਿਤਾ ਹੈ ਅਤੇ ਮਨੁੱਖ ਨੂੰ 'ਕੀੜੇ ਪਤੰਗੇ' ਪਸ਼ੂ ਬਣਾ ਕੇ ਉਹਨਾਂ ਦੀ ਬੇਬਸੀ ਨੂੰ ਪਰ-ਸ਼ਕਤੀ ਦੇ ਅਧੀਨ ਕਰ ਦਿਤਾ ਹੈ। ਪਰ ਸ਼ਕਤੀ ਦੇ ਅਧੀਨ ਰਹਿ ਕੇ ਉਸ ਇਸ ਦੁਨੀਆਂ ਤੋਂ ਉਠ ਜਾਂਦੇ ਹਨ। 'ਲੋਕ ਸਾਹਿਤ' ਦਾ ਨਿਰਾਸ਼ਾਵਾਦ ਨਾਲ ਦੂਰ ਦਾ ਵਾਸਤਾ ਨਹੀਂ, ਭਾਵੇਂ ਇਸਦੇ ਨਾਇਕ ਬੜੇ ਪੀੜਤ ਅਤੇ ਘਾਲਣਾ ਭਰਿਆ ਜੀਵਨ ਜਿਉਂਦੇ ਹਨ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਬੇਸ਼ਕ ਗੁਰਦਿਆਲ ਸਿੰਘ ਦਾ ਸ਼ਾਹਕਾਰ ਦੇ ਸਿਰਲੇਖ ਹੇਠ ਬਿਸ਼ਨੇ ਨੂੰ 'ਪ੍ਰੋਮੀਥੀਅਸ' ਦੀ ਉਕਤੀ ਦੇਵੇ। ਦੇਵਤਿਆਂ ਤੋਂ ਅੱਗ ਖੋਹ ਕੇ ਲੋਕਾਂ ਵਿਚ ਵੰਡਣ ਦੇ ਦੋਸ਼ ਵਿਚ ਉਸਨੂੰ ਸਖਤ ਸਜ਼ਾ ਦਿਤੀ ਗਈ। ਪਹਾੜਾਂ ਨਾਲ ਬੰਨ੍ਹ ਕੇ ਉਸਦਾ ਮਾਸ ਗਿਰਝਾਂ ਨੂੰ ਖਵਾਇਆ ਗਿਆ। ਇਹ ਸਾਰਾ ਕੁਝ ਪ੍ਰੋਮੀਥੀਅਸ ਦੀ ਪੀੜਤ ਘਾਲਣਾ ਦਾ ਵਰਨਣ ਹੈ, ਪਰ ਨਾਇਕ ਉਹ ਤਾਂ ਹੀ ਬਣਿਆ ਹੈ, ਜੇਕਰ ਹਰਕੁਲੀਸ ਨੇ ਉਸਨੂੰ ਗਿਰਝਾਂ ਤੋਂ ਆਜ਼ਾਦ ਕਰਵਾਇਆ। ਪ੍ਰੋਮੀਥੀਅਸ ਦੀ ਨਾਇਕਤਾ ਹਰਕੁਲੀਸ ਦੇ ਪੈਦਾ ਹੋਣ ਵਿਚ ਹੈ, ਨਾਂ ਕਿ ਉਸਦੀ ਨਿੱਜੀ ਪੀੜਤ ਘਾਲਣਾ ਵਿਚ। ਸਵਾਲ ਇਹ ਹੈ ਕਿ ਕੀ ਗੁਰਦਿਆਲ ਸਿੰਘ ਬਿਸ਼ਨੇ (ਪ੍ਰੋਮੀਥੀਅਸ) ਦੀ ਸਿਰਜਣਾ ਕਰਕੇ ਕਿਸੇ ਹਰਕੁਲੀਸ ਨੂੰ ਜਨਮ ਦੇ ਸਕਿਆ ? ਬਿਲਕੁਲ ਨਹੀਂ, ਮਾਘੀ ਫੇਰ ਬਿਸ਼ਨੇ ਦੀ ਰੂਪ ਹੀ ਹੈ, ਹਰਕੁਲੀਸ ਦਾ ਨਹੀਂ।

ਗੁਰਦਿਆਲ ਸਿੰਘ ਹਰਕੁਲੀਸ ਕਿਉਂ ਨਹੀਂ ਸਿਰਜ ਸਕਿਆ ? ਦਲੀਪ ਕੌਰ ਟਿਵਾਨਾ ਦੀ 'ਪੀਲੇ ਪਤਿਆਂ ਦੀ ਦਾਸਤਾਨ' ਦੀ ਨਾਇਕਾ ਊਸ਼ਾ ਸੰਘਰਸ਼ ਦੀ ਥਾਂ ਵਿਭਚਾਰ ਦਾ ਰਾਹ ਕਿਉਂ ਅਪਣਾਉਂਦੀ ਹੈ ? (ਸੋਹਣ ਸਿੰਘ ਜੋਸ਼- ਸਮਤਾ ਅਪ੍ਰੈਲ ਅੰਕ) ਇਹਨਾਂ ਸਵਾਲਾਂ ਦਾ ਜਵਾਬ ਇਕੋ ਫਿਕਰੇ ਵਿਚ ਹੈ ਕਿ ਇਹਨਾਂ ਸਾਹਿਤਕਾਰਾਂ ਦੀ ਕੋਈ ਪ੍ਰਤੀਬੱਧਤਾ ਨਹੀਂ। ਨਾਂ ਹੀ ਕਿਸੇ ਰਾਜਨੀਤੀ ਵਲ ਅਤੇ ਨਾਂ ਹੀ ਕਿਸੇ ਲੋਕ ਪੱਖੀ ਕਰਤੱਵ ਵਲ। ਇਸੇ ਕਰਕੇ ਇਹਨਾਂ ਦੀ ਲਿਖਤਾਂ ਕਿਸੇ ਮਾਰਗ ਵਲ ਇਸ਼ਾਰਾ ਨਹੀਂ ਕਰਦੀਆਂ। ਉਹ ਸਾਹਿਤ ਦੇ ਬੁਨਿਆਦੀ ਕਰਤੱਵ ਨੂੰ ਨਗੇਟ ਕਰਦੀਆਂ ਹਨ। ਇਹ ਸਭ ਕੁਝ ਉਹਨਾਂ ਲੇਖਕਾਂ ਨੂੰ ਮੁਬਾਰਕ ਹੋਵੇ ਜੋ ਏਲਾਨੀਆਂ ਤੌਰ ਤੇ ਕਹਿੰਦੇ ਹਨ, ਕਿ ਉਹ ਸਾਹਿਤ ਵਿਚ ਕਿਸੇ ਪ੍ਰਤੀਬੱਧਤਾ ਨੂੰ ਨਹੀਂ ਮੰਨਦੇ। ਉਹਨਾਂ ਦਾ ਦਿੱਲੀ ਤੋਂ ਚਲ ਕੇ ਚੰਡੀਗੜ੍ਹ ਆ ਕੇ ਲੋਕ ਨਾਥ ਦੇ ਕਮਰੇ ਵਿਚ ਦਾਰੂ ਪੀਣਾ ਹੀ ਸਾਹਿਤਕਾਰੀ ਦਾ ਪ੍ਰੀਵੀਲੇਜ ਹੈ, (ਹਰਿਨਾਮ ਲੋਅ ਫਰਵਰੀ 1981 ਅੰਕ), ਪਰ ਅਪਣੀ ਅੰਨ੍ਹੀ ਨੱਕਸਲੀ ਵਿਰੋਧਤਾ ਵਿਚ ਜੇਕਰ ਮਾਰਕਸੀ ਲੇਖਕ ਤੇ ਆਲੋਚਕ ਵੀ ਇਸ ਰੁੱਚੀ ਨੂੰ ਸ਼ਹਿ ਦੇਣ ਤਾਂ ਇਹ ਕੋਈ ਚੰਗੀ ਰੁੱਚੀ ਨਹੀਂ।"

ਇਹ ਤਾਂ ਹੁਣ ਇਤਿਹਾਸ ਹੈ ਕਿ ਨਕਸਲਬਾੜੀ ਲਹਿਰ ਨੇ ਬੰਗਾਲ ਵਿਚ ਉਸ ਵੇਲੇ ਜਨਮ ਲਿਆ ਜਦੋਂ ਬੰਗਾਲ ਵਿਚ ਸਾਂਝੇ ਫਰੰਟ ਦੀ ਸਰਕਾਰ ਸੀ ਅਤੇ ਕਾਮਰੇਡ ਜਿਉਤੀ ਬਾਸੂ ਉਥੋਂ ਦੇ ਹੋਮ-ਮਨਿਸਟਰ ਸਨ। ਇਸ ਕਰਕੇ ਇਸ ਲਹਿਰ ਵਲ ਅਮਲ ਅਤੇ ਸਿਧਾਂਤ ਪਖੋਂ ਮਾਰਕਸੀ ਪਾਰਟੀ ਦਾ ਵਿਰੋਧ ਕੁਦਰਤੀ ਹੈ। ਨਕਸਲਬਾੜੀ ਲਹਿਰ ਨੇ ਸਮੇਂ ਦਾ ਹਾਕਮਾਂ ਦਾ ਜੱਬਰ ਪੂਰੀ ਤਰ੍ਹਾਂ ਭੁਲਿਆ ਅਤੇ ਇਹ ਜਬਰ ਭੁਲਦਿਆਂ ਇਸ ਨੇ ਨਾਇਕਾਂ ਨੂੰ ਜਨਮ ਦਿਤਾ, (ਬਾਬਾ ਬੂਵਾ ਸਿੰਘ, ਤਰਸੇਮ ਬਾਵਾ ਅਤੇ ਹੋਰ ਅਨੇਕਾਂ)। ਲੋਕਾਂ ਨੇ ਇਹਨਾਂ ਦੀਆਂ ਵਾਰਾਂ ਗਾਈਆਂ, (ਸ਼ਿਵ ਕੁਮਾਰ, ਪਿਆਰਾ ਸਿੰਘ ਸਹਿਰਾਈ) ਨਕਸਲਬਾੜੀ ਲਹਿਰ ਦਾ ਵਡਾ ਹਿੱਸਾ ਭਾਵੇਂ ਕਿਸੇ ਵਿਅਕਤੀਗਤ ਹੀਰੋਇਜ਼ਮ ਵਿਚ ਯਕੀਨ ਨਹੀਂ ਸੀ ਰਖਦਾ, ਪਰ ਕੁਝ ਇਤਿਹਾਸਕ ਪ੍ਰਸਥਿਤੀਆਂ ਨੇ ਉਹਨਾਂ ਨੂੰ ਹੀਰੋ ਬਣਾਇਆ। ਇਸਦਾ ਪ੍ਰਗਟਾਵਾ ਜਦੋਂ ਸਾਹਿਤ ਵਿਚ ਹੋਇਆ ਤਾਂ ਮਾਰਕਸੀ ਆਲੋਚਕਾਂ ਨੂੰ ਇਹ ਚੁਭਿਆ (ਇਹ ਕੁਦਰਤੀ ਹੈ ਕਿਉਂਕਿ ਮਾਰਕਸੀ ਪਾਰਟੀ ਦੇ ਲੋਕ ਇਸ ਲਹਿਰ ਬਾਰੇ ਬੜਾ ਹੀ ਕੌੜ ਰਖਦੇ ਹਨ) ਉਹਨਾਂ ਨੇ ਸਾਹਿਤਕ ਖੇਤਰ ਵਿਚ ਇਸ ਲਹਿਰ ਵਿਰੁਧ ਅਤੇ ਇਹਦੇ ਤੋਂ ਪਰੇਰਕ ਸਾਹਿਤ ਵਿਰੁਧ ਇਕ ਜਹਾਦ ਵਾਂਗ ਲਹਿਰ ਚਲਾਈ, ਪਰ ਉਹ ਭੁਲ ਗਏ ਕਿ ਇਹ ਜਹਾਦ ਅਖੀਰ ਵਿਚ ਉਸ ਰੁੱਚੀ ਨੂੰ ਜਨਮ ਦੇਵੇਗਾ, ਜਦੋਂ ਸਾਹਿਤ ਵਿਚ ਹੀਰੋ ਹੀ ਗਾਇਬ ਹੋ ਜਾਏਗਾ ਅਤੇ ਇਹੋ ਕੁਝ ਹੋਇਆ ਹੈ। ਇਸ ਬਾਰੇ ਲੋਕ ਪੱਖੀ ਸਾਹਿਤਕਾਰਾਂ ਦਾ ਫਿਕਰਮੰਦ ਹੋਣਾ ਜ਼ਰੂਰੀ ਹੈ।

ਨਕਸਲਬਾੜੀ ਲਹਿਰ ਬਾਰੇ ਅਤੇ ਇਸੇ ਤਰ੍ਹਾਂ ਸੀ. ਪੀ. ਆਈ. ਅਤੇ ਮਾਰਕਸੀ ਪਾਰਟੀ ਦੇ ਵਤੀਰੇ ਬਾਰੇ ਸਾਡੇ

ਵਖਰੇਵੇਂ ਹੋ ਸਕਦੇ ਹਨ, ਪਰ ਅਸੀਂ ਸਾਰੇ ਉਹ ਲੋਕ ਜਿਹੜੇ ਸਾਹਿਤ ਦੇ ਲੋਕਾਂ ਵਲ ਬੁਨਿਆਦੀ ਕਰਤੱਵ ਬਾਰੇ ਇਕ ਰਾਏ ਰਖਦੇ ਹਾਂ, ਸਾਨੂੰ ਇਸ ਗਲ ਬਾਰੇ ਇਹਤਿਆਤ ਰਖਣੀ ਚਾਹੀਦੀ ਹੈ ਕਿ ਸਾਰੇ ਵਿਖਰੇਵੇਂ ਕਿਸੇ ਐਸੀ ਰੁੱਚੀ ਨੂੰ ਜਨਮ ਨਾ ਦੇਣ, ਜਿਸ ਨਾਲ ਸਾਡੇ ਸਥਾਪਤ ਲੇਖਕ ਵੀ ਅਤੇ ਨਵੇਂ ਉਭਰ ਰਹੇ ਲੇਖਕ ਵੀ ਲੋਕਾਂ ਵਲ ਅਪਣੇ ਫਰਜ਼ਾਂ ਤੋਂ ਕੰਨੀ ਕੁਤਰਾਨ ਤੇ ਇਸ ਅਮਲ ਦੀਆਂ 'ਨਵੀਂ ਸੰਵੇਦਨਾਂ' ਦੇ ਝੰਡੇ ਥਲੇ ਡੀਂਗਾਂ ਮਾਰਨ। ਵਧੀਆ ਰਚਨਾਵਾਂ ਅਤੇ ਹਲਕੀਆਂ, ਰਚਨਾਵਾਂ ਬਾਰੇ ਅਸੀਂ ਵਿਖਰੇਵਾਂ ਜ਼ਰੂਰ ਕਰਨਾ ਹੈ, ਪਰ ਸਾਡਾ ਮਾਪ ਦੰਡ ਉਹੀ ਹੋਣਾ ਹੈ ਜਿਸਦਾ ਜ਼ਿਕਰ ਸਿਰਜਣਾ ਦੇ ਸੰਪਾਦਕ ਨੇ ਜਨਵਰੀ—ਮਾਰਚ 1981 ਦੇ ਅੰਕ ਵਿਚ ਲਿਖਿਆ ਸੀ ਤੇ ਜਿਸਦੀ ਪੁਸ਼ਟੀ ਅਸੀਂ ਪਿਛਲੇ ਮਹੀਨੇ ਦੀ 'ਸਮਤਾ' ਵਿਚ ਕੀਤੀ ਸੀ, ਉਹ ਮਾਪ ਦੰਡ, ਜਿਸਦੀ ਸਮੇਂ ਨੂੰ ਲੋੜ ਹੈ, ਉਹ ਇਸ ਤਰ੍ਹਾਂ ਹੈ :—

"ਲੇਖਕ ਵਿਚ ਯਥਾਰਥ ਦੀ ਥਾਹ ਪਾਉਣ ਦੀ ਸਮਰਥਾ ਹੋਵੇ ਅਤੇ ਅਕਾਂਖਿਆ ਵੀ। ਇਸ ਹਾਲਤ ਵਿਚ ਉਸਦੀ ਅੰਤਰੀਵ ਭਾਵਨਾ ਕੋਈ ਵੀ ਹੋਵੇ, ਸੱਚ ਅਵੱਸ਼ ਹੀ ਉਭਰਕੇ ਸਾਹਮਣੇ ਆ ਜਾਵੇਗਾ। ਸਮਕਾਲੀ ਸਮਾਚਾਰਾਂ ਦੇ ਪ੍ਰਸੰਗ ਵਿਚ ਲੇਖਕ ਲਈ ਇਹ ਲਾਜ਼ਮੀ ਹੈ ਕਿ ਅਜਿਹੇ ਸੱਚ ਵਿਚੋਂ ਉਹ ਨਾ ਕੇਵਲ ਪ੍ਰਾਪਤ ਸਮਾਜ ਵਿਵਸਥਾ, ਅਨਿਆਈਂ, ਸ਼ੋਸ਼ਨਕਾਰੀ ਤੇ ਅਮਾਨਵੀ ਦਸ ਕੇ ਸਬਰ ਕਰ ਲਵੇ ਸਗੋਂ ਉਹਦਾ ਫਰਜ਼ ਹੈ ਕਿ ਇਹ ਵਿਵਸਥਾ ਬਦਲਨ ਦੀ ਲੋੜ ਵੀ ਸਹਿਜ ਪ੍ਰਤੀਤੀ ਉਸ ਦੀ ਰਚਨਾ ਵਿਚ ਹੋਵੇ।"

o

## 3. ਬਸ ਕਿਰਾਇਆ ਘੋਲ-ਖੱਬੀ ਧਿਰ ਦਾ ਗਲਤ ਪੈਂਤੜਾ

ਸਮਤਾ (9 ਫਰਵਰੀ 1981) ਵਿਚ ਇਕ ਮਿਨੀ ਨਾਟਕ ਗਲ ਬਾਤ ਲਿਖਿਆ ਗਿਆ ਸੀ, ਉਸ ਵਿਚ ਇਕ ਵਿਅੰਗ ਉਸ ਗਲ ਬਾਤ ਤੇ ਸੀ, ਜਿਹੜੀ ਸਰਕਾਰ ਅਤੇ ਸਾਂਝੇ ਮੋਰਚੇ ਦੇ ਪ੍ਰਤੀਨਿਧੀਆਂ ਦੇ ਦਰਮਿਆਨ ਚਲ ਰਹੀ ਸੀ। ਸੰਮਤ 10 (ਮਾਰਚ 1981) ਵਿਚ ਸਾਡੇ ਦੋਸਤ ਪ੍ਰੋ. ਭਾਰਦਵਾਜ ਨੇ ਇਸ ਤੇ ਇਤਰਾਜ਼ ਕੀਤਾ ਹੈ। ਉਹਨਾਂ ਦਾ ਕਹਿਣਾ ਹੈ ਕਿ ਪਾਰਟੀਆਂ ਦੇ ਰੋਲ ਤੇ ਕਿੰਤੂ ਕਰਦੇ ਵਕਤ ਲੋਕਾਂ ਦੀ ਰੁੱਚੀ, ਸੂਝ ਬੂਝ ਅਤੇ ਕੁਰਬਾਨੀ ਕਰਨ ਦੀ ਹੱਦ ਨੂੰ ਮੱਦੇ ਨਜ਼ਰ ਰਖਣਾ ਵੀ ਜ਼ਰੂਰੀ ਬਣਦਾ ਹੈ।" ਪ੍ਰੋ. ਭਾਰਦਵਾਜ ਨੇ ਇਹ ਬੜਾ ਬੁਨਿਆਦੀ ਸਵਾਲ ਉਠਾਇਆ ਹੈ, ਜਿਸ ਬਾਰੇ ਮੈਂ ਸਮਝਦਾ ਹਾਂ ਕਿ ਪਾਠਕ-ਲੇਖਕ ਫੋਰਮ ਵਿਚ ਖੁਲ੍ਹ ਕੇ ਬਹਿਸ ਹੋਣੀ ਚਾਹੀਦੀ ਹੈ।

ਬਸ ਕਿਰਾਏ ਘੋਲ ਬਾਰੇ ਇਕ ਸਿਆਸੀ ਦਰਸ਼ਕ ਹੋਣ ਦੇ ਨਾਤੇ ਮੇਰਾ ਸ਼ੁਰੂ ਤੋਂ ਇਹ ਪੱਕਾ ਵਿਚਾਰ ਸੀ ਕਿ ਅਕਾਲੀ ਪਾਰਟੀ ਇਸ ਘੋਲ ਬਾਰੇ ਬਿਲਕੁਲ ਸੰਜੀਦਾ ਨਹੀਂ ਅਤੇ ਉਹ ਇਸ ਮੌਕੇ ਤੇ ਸਿਰਫ ਦਰਬਾਰਾ ਸਿੰਘ ਵਾਸਤੇ ਥੋੜੀ ਜਿਹੀ ਸਿਰਦਰਦੀ ਪੈਦਾ ਕਰਨ ਦੇ ਸਿਵਾ ਹੋਰ ਕੁਝ ਨਹੀਂ ਸੀ ਕਰਨਾ ਚਾਹੁੰਦੀ, ਪਰ ਸੀ. ਪੀ. ਆਈ ਅਤੇ ਸੀ. ਪੀ. ਐਮ. ਤੇ ਇਹ ਨਹੀਂ ਸਨ ਚਾਹੁੰਦੇ, ਪਰ ਫੇਰ ਇਹ ਕਿਤਨੀ ਸਿੱਤਮ ਜ਼ਰੀਫੀ ਹੈ ਕਿ ਉਹਨਾਂ ਨੇ ਇਸ ਸਾਰੇ ਸਾਂਝੇ ਘੋਲ ਵਿਚ ਸਾਰੀ ਪਹਿਲ ਕਦਮੀ ਅਕਾਲੀਆਂ ਦੇ ਹੱਥ ਹੀ ਦਿਤੀ ਰਖੀ ਅਤੇ ਤੌਰ ਤਰੀਕੇ ਵੀ ਸਾਰੇ ਉਹੀ ਵਰਤੇ, ਜਿਹੜੇ ਅਕਾਲੀਆਂ ਨੂੰ ਹੀ ਰਾਸ ਆਉਂਦੇ ਸਨ। 'ਜੇਲ ਭਰੋ ਅੰਦੋਲਨ' ਅਤੇ 'ਅਸੈਂਬਲੀ ਘੇਰਾਓ ਅੰਦੋਲਨ' ਇਹ ਅਕਾਲੀਆਂ ਦੇ ਪੁਰਾਣੇ ਦਾਓ ਪੇਚ ਹਨ। ਉਹਨਾਂ ਦੀ ਗੁਰਦਵਾਰੇ ਨਾਲ ਬੱਝੀ ਹੋਈ ਸਿਆਸਤ ਇਹੋ ਜਿਹੇ ਅੰਦੋਲਨ ਬਗ਼ੈਰ ਕਿਸੇ ਵਿਸ਼ੇਸ਼ ਮੇਹਨਤ ਦੇ ਜਥੇਬੰਦ ਕਰ ਸਕਦੀ ਹੈ ਪਰ ਖੱਬੀਆਂ ਤਾਕਤਾਂ ਦੇ ਅੰਦੋਲਨ ਤਾਂ ਹੀ ਕੁੱਝ ਅਸਰ ਰਖ ਸਕਦੇ ਹਨ ਜੇ ਉਹ ਆਪਣੀਆਂ ਟਰੇਡ ਯੂਨੀਅਨ ਜਥੇਬੰਦੀਆਂ ਨੂੰ ਹਰਕੱਤ ਵਿਚ ਲਿਆਉਣ, ਉਹ ਅਕਾਲੀਆਂ ਕੋਲੋਂ ਇਸ ਅੰਦੋਲਨ ਵਿਚ ਪਹਿਲ ਕੱਦਮੀ ਤਾਂ ਹੀ ਖੋਹ ਸਕਦੀਆਂ ਸਨ, ਜੇ ਉਹ ਅਕਾਲੀਆਂ ਕੋਲੋਂ ਇਸ ਅੰਦੋਲਨ ਵਿਚ ਪਹਿਲ ਕੱਦਮੀ ਤਾਂ ਹੀ ਖੋਹ ਸਕਦੀਆਂ ਸਨ, ਜੋ ਉਹ ਆਪਣੀਆਂ ਇਹਨਾਂ ਸੰਸਥਾਵਾਂ ਨੂੰ ਘੋਲ ਵਿਚ ਲਿਆਉਂਦੇ। ਇਸ ਅੰਦੋਲਨ ਵਿਚ ਖ਼ਾਸ ਕਰਕੇ ਰੋਡਵੇਜ਼ ਦੀਆਂ ਯੂਨੀਅਨਾਂ ਇਕ ਫੈਸਲਾਕੁਨ ਹਿੱਸਾ ਪਾ ਸਕਦੀਆਂ ਸਨ। ਉਹ ਇਕ ਘੰਟੇ ਲਈ ਵੀ ਪ੍ਰਤੀਕਾਤਮਕ 'ਪਹੀਆ ਜਾਪ' ਹੜਤਾਲ ਕਰਕੇ ਇਸ ਘੋਲ ਵਿਚ ਅਹਿਮ ਰੋਲ ਅਦਾ ਕਰ ਸਕਦੇ ਸਨ। ਉਹ ਆਪਣਾ ਪੱਖ ਵੀ ਪੂਰੀ ਤਰ੍ਹਾਂ ਲੋਕਾਂ ਅਗੇ ਰਖ ਸਕਦੇ ਸਨ ਕਿ ਬਸ ਕਿਸ ਥਾਂ ਉਹਨਾਂ ਦੀ ਕਿਸੇ ਕੁਤਾਹੀ ਵਲੋਂ ਨਹੀਂ ਸਗੋਂ ਇਜਾਰੇਦਾਰਾਂ ਦੀ ਬਹੁਤਾ ਮੁਨਾਫਾ ਖਟਣ ਦੀ ਰੁੱਚੀ ਅਤੇ ਅਫਸਰ ਸ਼ਾਹੀ ਦੀਆਂ ਨਾਲਾਇਕੀਆਂ ਅਤੇ ਭ੍ਰਿਸ਼ਟਾਚਾਰੀ ਨੀਤੀਆਂ ਕਰਕੇ ਹੈ। ਰੋਡਵੇਜ਼ ਦੀਆਂ ਯੂਨੀਅਨਾਂ ਖੱਬੀਆਂ ਪਾਰਟੀਆਂ ਦੇ ਅਸਰ ਰਸੂਖ ਥਲੇ ਹਨ ਪਰ ਇਹਨਾਂ ਨੂੰ ਬਿਲਕੁਲ ਹਰਕਤ ਵਿਚ ਨਾਂ ਲਿਆਂਦਾ ਗਿਆ ਜੇ ਇਹਨਾਂ ਪਾਰਟੀਆਂ ਦੀਆਂ ਵਿਦਿਆਰਥੀ ਜਥੇਬੰਦੀਆਂ ਘੋਲ ਵਿਚ ਲਿਆਈਆਂ ਜਾ ਸਕਦੀਆਂ ਸਨ ਤੇ ਇਹ ਟਰੇਡ ਯੂਨੀਅਨ ਸੰਸਥਾਵਾਂ ਕਿਉਂ ਨਹੀਂ ਲਿਆਈਆਂ, ਅਗਰ ਟਰੇਡ ਯੂਨੀਅਨਾਂ ਹਰਕਤ ਵਿਚ ਲਿਆਈਆਂ ਜਾਂਦੀਆਂ ਤਾਂ ਪਹਿਲੀ ਕਦਮੀ ਖੱਬੇ ਧੜੇ ਕੋਲ ਹੋਣੀ ਸੀ।

ਇਥੇ ਹੀ ਇਸ ਬੁਨਿਆਦੀ ਸਵਾਲ ਦਾ ਜਵਾਬ ਹੈ ਕਿ ਲੋਕ ਘੋਲਾਂ ਲਈ ਕਿਉਂ ਨਹੀਂ ਤਿਆਰ ਹੁੰਦੇ?ਉਹ ਇਸ ਲਈ ਤਿਆਰ ਨਹੀਂ ਹੁੰਦੇ ਕਿਉਂਕਿ ਉਹਨਾਂ ਨੂੰ ਇਹ ਸ਼ਕ ਹੈ ਕਿ ਸਿਆਸੀ ਪਾਰਟੀਆਂ ਹਰ ਇਕ ਘੋਲ ਨੂੰ ਆਪਣੇ ਸੌੜੇ ਸਿਆਸੀ ਹਿਤਾਂ ਖਾਤਰ ਅਤੇ ਕੁਰਸੀ ਖਾਤਰ ਵਰਤਦੀਆਂ ਹਨ ਅਤੇ ਘੋਲ ਨੂੰ ਬਗ਼ੈਰ ਕਿਸੇ ਸਿਰੇ ਤੇ ਪੁਚਾਏ ਨਾਕਸ ਕਿਸਮ ਦੇ ਸਮਝੌਤੇ ਕਰਕੇ ਘੋਲ ਵਾਪਸ ਲੈ ਲੈਂਦੀਆਂ ਹਨ। ਸਰਕਾਰ ਅਤੇ ਸਾਂਝੇ ਫਰੰਟ ਦਾ 'ਬਸ ਕਿਰਾਯੇ ਘੋਲ' ਬਾਰੇ ਸਮਝੌਤਾ ਇਹਦੀ ਜੀਂਦੀ ਜਾਗਦੀ ਮਿਸਾਲ ਹੈ। ਆਪਣੀਆਂ ਨਾਲਾਇਕੀਆਂ ਨੂੰ ਲੋਕਾਂ ਦੇ ਸਿਰ ਤੇ ਮੜ ਦੇਣਾ ਇਹ ਸਿਆਸੀ ਬਦਦਿਆਨਦਾਰੀ ਹੈ। ਲੋਕ ਜੇਕਰ 1946 ਵਿਚ ਵੀ ਹਰ ਕਿਸਮ ਦੇ ਇਨਕਲਾਬੀ ਘੋਲ ਬਾਰੇ ਤਿਆਰ ਸਨ, ਜਿਸਦੀ ਮਿਸਾਲ ਜਹਾਜ਼ੀਆਂ ਦੀ ਹੜਤਾਲ ਵੇਲੇ ਬੰਬਈ ਵਿਚ ਟਰੇਡਯੂਨੀਅਨਾ ਦੇ ਸੱਦੇ ਤੇ ਆਮ ਹੜਤਾਲ ਸੀ ਤਾਂ ਹੁਣ ਉਹ ਨਹੀਂ ਤਿਆਰ ? 1946 ਦੀ ਉਹ ਹੜਤਾਲ ਗਾਂਧੀ ਜ਼ੀ ਅਤੇ ਸਰਦਾਰ ਪਟੇਲ ਵਰਗੇ ਲੀਡਰਾਂ ਦੀ ਵਿਰੋਧਤਾ ਹੋਣ ਤੇ ਵੀ ਸਫਲ ਹੋਈ ਸੀ। ਲੋਕ ਹੁਣ ਵੀ ਤਿਆਰ ਹਨ ਪਰ ਉਹਨਾਂ ਦੀ ਅਗਵਾਈ ਕਰਨ ਵਾਲੀਆਂ ਪਾਰਟੀਆਂ ਉਤੇ ਲੋਕਾਂ ਵਿਚ ਵਿਸ਼ਵਾਸ਼ ਨਹੀਂ ਪਿਆ ਬੱਝਦਾ। ਸੰਕਟ ਇਸ ਵਿਸ਼ਵਾਸ਼ ਦਾ ਹੈ ਨਾਂ ਕਿ ਲੋਕਾਂ ਦੀ ਜਾਗ੍ਰਿਤੀ ਦਾ। ਖੱਬੇ ਧੜੇ ਦੇ ਸਾਰੇ ਲੋਕਾਂ ਨੂੰ ਜਿਹੜੇ ਇਸ ਸਮਾਜ ਵਿਚ ਇਨਕਲਾਬੀ ਕਿਸਮ ਦੀ ਤਬਦੀਲੀ ਚਾਹੁੰਦੇ ਹਨ, ਉਹਨਾਂ ਨੂੰ ਇਸ ਸੰਕਟ ਬਾਰੇ ਸੰਜੀਦਗੀ ਨਾਲ ਸੋਚਣਾ ਚਾਹੀਦਾ ਹੈ। ਇਹਦੇ ਨਾਲ ਹੀ ਇਹ ਵੀ ਜ਼ਰੂਰੀ ਹੈ ਕਿ ਹਰ ਇਕ ਘੋਲ ਵਿਚ ਜਮਾਤੀ ਸਫਬੰਦੀ ਦਾ ਖਿਆਲ ਰਖਿਆ ਜਾਏ ਕਿ ਘੋਲ ਦਾ ਆਧਾਰ ਕਿਹੜੀਆਂ ਜਮਾਤਾਂ ਹਨ ? ਬਸ ਕਿਰਾਯਾ ਘੋਲ ਬਾਰੇ ਸਾਰੀਆਂ ਪਾਰਟੀਆਂ ਆਪਣਾ ਲੇਖਾ ਜੋਖਾ ਕਰਨਗੀਆਂ ਕਿ ਕੀ ਖੱਟਿਆ ਤੇ ਕੀ ਗਵਾਇਆ ? ਮੇਰੀ ਆਪਣੀ ਨਿੱਜੀ ਰਾਏ ਹੈ ਕਿ ਖੱਬੀ ਧਿਰ ਵਾਲਿਆਂ ਇਸ ਵਿਚ ਖੱਟਿਆ ਬਹੁਤ ਥੋੜਾ ਹੈ। ਇਸ ਘੋਲ ਨੇ ਬੁਨਿਆਦੀ ਜਮਾਤਾਂ ਦੀ ਲੜਣ ਸੱਮਰਥਾ ਵਿਚ ਕੋਈ ਵਾਧਾ ਨਹੀਂ ਕੀਤਾ।

ਹੁਣ ਕਿਸਾਨਾਂ ਦੇ ਘੋਲ ਚਲਣੇ ਹਨ, ਅਸੀਂ ਇਸ ਵਿਚ ਵੱਧ ਚੜ੍ਹ ਕੇ ਹਿੱਸਾ ਲੈਣਾ ਹੈ ਪਰ ਇਹਦੇ ਨਾਲ ਸਾਡਾ ਪੈਂਤੜਾ ਇਹ ਹੋਣਾ ਚਾਹੀਦਾ ਹੈ ਕਿ ਖੇਤ ਮਜ਼ਦੂਰਾਂ ਨੂੰ ਮਹਿੰਗਾਈ ਅਨੁਸਾਰ ਦਿਹਾੜੀ ਮਿਲੇ। ਕਿਸਾਨਾਂ ਨੂੰ ਸਨਅਤੀ ਜਿਨਸਾਂ ਦੇ ਮੁਤਾਬਿਕ ਖੇਤੀ ਜਿਨਸਾਂ ਦਾ ਭਾਅ ਮਿਲੇ ਅਤੇ ਖੇਤ ਮਜ਼ਦੂਰਾਂ ਨੂੰ ਮਹਿੰਗਾਈ ਅਨੁਸਾਰ ਵੱਧ ਦਿਹਾੜੀ ਮਿਲੇ, ਇਹ ਦੋਨੋਂ ਘੋਲ ਦੇ ਮੁੱਖ ਨਾਅਰੇ ਹੋਣੇ ਚਾਹੀਦੇ ਹਨ। ਅਕਾਲੀ ਤੇ ਹੋਰ ਪਾਰਟੀਆਂ ਦੂਜੀ ਮੰਗ ਬਾਰੇ ਕੰਨੀ ਕਤਰਾਨਗੇ ਪਰ ਸਾਡਾ ਬਹੁਤਾ ਜੋਰ ਇਸੇ ਤੇ ਹੀ ਹੋਣਾ ਚਾਹੀਦਾ ਹੈ।

o

## 4. ਸਾਡਾ ਅਧਿਆਪਕ ਵਰਗ

ਸਾਡੇ ਪਿੰਡਾਂ ਵਿਚ ਖੱਬੇ ਪੱਖੀ ਚੇਤਨਤਾ ਲਿਆਉਣ ਵਿਚ ਸਾਡੇ ਅਧਿਆਪਕ ਵਰਗ ਦਾ ਇਕ ਵਿਸ਼ੇਸ਼ ਹਿੱਸਾ ਹੈ। ਬੜੀਆਂ ਥਾਵਾਂ ਤੇ ਉਹ ਵਿਦਿਆਰਥੀਆਂ, ਅਤੇ ਨੌਜਵਾਨ ਭਾਰਤ ਸਭਾਵਾਂ ਦੇ ਵਰਕਰਾਂ ਨਾਲ ਰੱਲਕੇ ਇਲਾਕਿਆਂ ਦੇ ਚੰਗੇ ਕੰਮਾਂ ਵਿਚ ਮੋਢੀ ਹੁੰਦੇ ਹਨ। ਪਰ ਇਸੇ ਵਰਗ ਦੇ ਕੁਝ ਲੋਕ ਆਪਣੇ ਇਖਲਾਕ ਤੋਂ ਗਿਰੇ ਵਰਤਾਰੇ ਕਰਕੇ ਇਸ ਵਰਗ ਦੀ ਬਦਨਾਮੀ ਦਾ ਕਾਰਨ ਬਣ ਰਹੇ ਹਨ। ਜਸਵੰਤ ਸਿੰਘ ਕੰਵਲ ਹੋਰਾਂ ਨੇ ਇਸ ਗਲ ਵਲ ਧਿਆਨ ਆਪਣੀ ਇਕ ਕਹਾਣੀ 'ਸਮਾਜੀ ਲਾਹਨਤਾਂ' ਵਲ ਦਿਵਾਇਆ। ਇਹ ਕਹਾਣੀ 7 ਦਸੰਬਰ 1980 ਦੀ ਪੰਜਾਬੀ ਟਰੀਬਿਊਨ ਵਿਚ ਛੱਪੀ ਸੀ। ਅਧਿਆਪਕ ਵਰਗ ਦੇ ਕੁਝ ਨੁਮਾਇੰਦਿਆਂ ਨੇ ਇਸ ਬਾਰੇ ਰੋਸ ਵੀ ਪਰਗਟ ਕੀਤਾ ਕਿ ਇਹ ਸਮੁੱਚੇ ਅਧਿਆਪਕ ਵਰਗ ਦੀ ਤਸਵੀਰ ਨਹੀਂ। ਹੁਣ ਇਹੋ ਗਲ ਇੰਦਰ ਸਿੰਘ ਖਾਮੋਸ਼ ਹੋਰਾਂ ਦੇ ਨਾਵਲ 'ਚਾਨਣ ਦਾ ਜੰਗਲ' ਵਿਚ ਵੀ ਦੋਹਰਾਈ ਗਈ ਹੈ। ਇੰਦਰ ਸਿੰਘ ਖਾਮੋਸ਼ ਆਪ ਇਕ ਅਧਿਆਪਕ ਹਨ ਤੇ ਉਹਨਾਂ ਨੇ ਜੋ ਤਸਵੀਰ ਅਧਿਆਪਕ ਵਰਗ ਦੀ ਇਸ ਨਾਵਲ ਵਿਚ ਖਿਚੀ ਹੈ, ਉਹ ਸਾਰੇ ਲੋਕਾਂ ਲਈ ਤਸ਼ਵੀਸ਼ ਦਾ ਕਾਰਨ ਬਣਨੀ ਚਾਹੀਦੀ ਹੈ। ਅਧਿਆਪਕ ਯੂਨੀਅਨਾਂ ਦੇ ਜ਼ਿਮੇਂਵਾਰ ਸਾਥੀਆਂ ਨੂੰ ਚਾਹੀਦੀ ਹੈ ਕਿ ਉਹ ਚੇਤਨ ਹੋ ਕੇ ਆਪਣੇ ਵਰਗ ਦੇ ਹਾਲਤ ਲੋਕਾਂ ਵਿਰੁਧ ਕਾਰਵਾਈ ਕਰਨ ਤਾਂ ਜੋ ਇਹ ਵਰਗ ਆਪਣੇ ਇਤਹਾਸਕ ਲੋਕ ਪੱਖੀ ਰੋਲ ਨੂੰ ਹੋਰ ਚੰਗੀ ਤਰ੍ਹਾਂ ਨਿਭਾ ਸਕੇ।

—ਗੁਰਸ਼ਰਨ ਸਿੰਘ

o

# ਆਪਣਾ ਦੇਸ਼

ਹਮਦਰਦਵੀਰ ਨੌਸ਼ਹਿਰਵੀ

○

ਬਰਤਾਨੀਆਂ ਦੇ ਜਿਸ ਹਿੱਸੇ ਵਿਚ ਉਹ ਰਹਿੰਦੇ ਸਨ–ਉੱਥੇ ਸਖਤ ਸਰਦੀ ਪੈਂਦੀ ਸੀ। ਕਈ ਕਈ ਦਿਨ ਤੇ ਕਈ ਵਾਰ ਕਈ ਕਈ ਮਹੀਨੇ ਸੂਰਜ ਆਪਣਾ ਮੂੰਹ ਨਹੀਂ ਸੀ ਵਿਖਾਉਂਦਾ। ਪਿਛਲੇ ਵੀਹ ਸਾਲਾਂ ਤੋਂ ਉਹ ਉਥੇ ਰਹਿ ਰਹੇ ਸਨ। ਪੁੱਤਰ ਪੈਦਾ ਹੋ ਕੇ ਜਵਾਨ ਵੀ ਹੋ ਚੁੱਕਾ ਸੀ—ਪਰ ਇਸ ਸਮੇਂ ਵਿਚ ਉਹ ਇਕ ਵਾਰ ਵੀ ਆਪਣੇ ਵਤਨ ਭਾਰਤ ਨਹੀਂ ਸਨ ਆਏ। ਪੁੱਤਰ ਭਾਵੇਂ ਜੰਮਿਆ ਪਲਿਆ ਬਰਤਾਨੀਆਂ ਵਿਚ ਹੀ ਸੀ ਪਰ ਉਸ ਨੂੰ ਸਦਾ ਲਗਦਾ ਜਿਵੇਂ ਉਸ ਦੀ ਅਸਲ ਜਨਮ ਭੂਮੀਂ ਪੰਜਾਬ ਹੋਵੇ।

ਪਿਤਾ ਕਈ ਵਾਰ ਪੰਜਾਬ ਦੀਆਂ ਆਪਣੇ ਪ੍ਰੀਵਾਰ ਦੀਆਂ, ਆਪਣੇ ਪਿੰਡ ਦੀਆਂ, ਆਪਣੇ ਘਰ ਦੀਆਂ ਗੱਲਾਂ ਕਰਦਾ—ਪੁੱਤਰ ਬਹੁਤ ਧਿਆਨ ਨਾਲ ਸੁਣਦਾ ਪਿਤਾ ਪੁੱਤਰ ਨੂੰ ਦਸਦਾ ਉੱਥੇ ਪਿੱਛੇ ਉਸ ਦਾ ਛੋਟਾ ਭਰਾ ਹੈ—ਖੇਤੀ ਕਰਦਾ ਹੈ। ਹੋਰ ਭਾਈਚਾਰਾ ਹੈ। ਸਾਕ ਸਬੰਧੀ ਹਨ। ਇਥੇ ਇੰਗਲੈਂਡ ਵਿਚ ਕੀ ਹੈ? ਸਾਰਾ ਦਿਨ ਕੰਮ ਹੀ ਕੰਮ ਓਵਰ ਟਾਈਮ! ਤੇ ਸ਼ਰਾਬ। ਨਾ ਕੋਈ ਦੋਸਤ ਨਾ ਮਿੱਤਰ। ਨਾ ਸਾਕ ਨਾ ਸਬੰਧੀ। ਨਾ ਕੋਈ ਦਿਨ-ਤਿਉਹਾਰ। ਨਾ ਗੁਰਬਾਣੀ ਅਖੰਡ ਪਾਠ। ਪੈਸਾ ਹੀ ਤਾਂ ਸਭ ਕੁਝ ਨਹੀਂ ਹੁੰਦਾ।

—ਡੈਡੀ ਤੁਸੀਂ ਫਿਰ ਵਾਪਸ ਪੰਜਾਬ ਕਿਉਂ ਨਹੀਂ ਚਲੇ ਜਾਂਦੇ। ਮੇਰਾ ਵੀ ਬੜਾ ਦਿਲ ਕਰਦਾ ਹੈ ਆਪਣਾ ਦੇਸ਼ ਦੇਖਣ ਨੂੰ। ਤੁਸੀਂ ਮੈਨੂੰ ਇਕ ਵਾਰ ਵੀ ਉੱਥੇ ਨਹੀਂ ਲੈ ਕੇ ਗਏ।

—ਸੰਨੀ ਮੈਂ ਕਿਹੜਾ ਕਿਤੇ ਫੇਰ ਗਿਆਂ!

—ਫਿਰ ਚਲੋ ਨਾ ਪ੍ਰੋਗਰਾਮ ਬਣਾ ਲਈਏ। ਮੈਨੂੰ ਹੁਣ ਛੁਟੀਆਂ ਵੀ ਹਨ। ਤੁਸੀਂ ਵੀ ਦੋ ਮਹੀਨੇ ਦੀਆਂ ਛੁੱਟੀਆਂ ਲੈ ਲਵੋ।

—ਹਾਂ ਸੰਨੀ ਸੋਚਦੇ ਹਾਂ। ਵੀਹ ਸਾਲਾਂ ਹੋ ਗਏ ਨੇ ਆਪਣੀ ਮਾਤ-ਭੂਮੀ ਨੂੰ ਛਡਿਆ। ਇਕੋ ਇਕ ਭਰਾ। ਮਾਂ ਪਿਉ ਬਚਪਨ ਵਿਚ ਹੀ ਚਲਾਣਾ ਕਰ ਗਏ ਸਨ। ਪਹਿਲਾਂ ਕੁੱਝ ਸਾਲ ਭਰਾ ਦੀ ਕਦੀ ਕਦੀ ਚਿੱਠੀ ਆ ਜਾਂਦੀ ਸੀ—ਪਰ ਫੇਰ ਚਿੱਠੀ ਆਉਣੀ ਬੰਦ ਹੋ ਗਈ—ਹੁਣ ਕਈ ਸਾਲ ਹੋ ਗਏ ਹਨ ਪਿੰਡੋਂ ਕੋਈ ਸੁੱਖ ਸੁਨੇਹਾ ਨਹੀਂ ਆਇਆ। ਸੋਚਦਾ ਹਾਂ—ਜਾਵਾਂ। ਆਪਣੀ ਦੋ ਕਿੱਲੇ ਜ਼ਮੀਨ ਵੀ ਹੈ। ਪਰ ਜਾਣ ਨੂੰ ਦਿਲ ਨਹੀਂ ਕਰਦਾ।

—ਕਿਉਂ ਡੈਡੀ!

—ਸਭ ਕੁਝ ਨਹੀਂ ਸੰਨੀ। ਜਿਹਨਾਂ ਹਾਲਤਾਂ ਵਿਚ ਏਧਰ ਆਉਣਾ ਪਿਆ ਸੀ—ਉਹ ਹਾਲਤਾਂ ਚੰਗੀਆਂ ਨਹੀਂ ਸਨ। ਖੁਸ਼ੀ ਨਾਲ ਕੌਣ ਬਨਬਾਸ ਲੈਂਦਾ ਏ!

—ਡੈਡੀ ਤੁਸੀਂ ਦਸਦੇ ਸੋ ਇੰਡੀਆ ਵਿਚ ਬੜੀ ਧੁੱਪ ਪੈਂਦੀ ਹੈ। ਏਥੇ ਤਾਂ ਸਰੀਰ ਸੁੰਨ ਹੋ ਜਾਂਦਾ ਹੈ।

—ਹਾਂ ਸੰਨੀ, ਉਥੇ ਬੜੀ ਧੁੱਪ ਪੈਂਦੀ ਹੈ। ਸਰਦੀਆਂ ਵਿਚ ਸਰੀਰ ਨੂੰ ਨਿੱਘਾ ਕਰਦੀ ਹੈ ਤੇ ਹਾੜ ਵਿਚ ਸਰੀਰ ਸਾੜਦੀ ਏ।

—ਡੈਡੀ ਅੱਜ ਕਲ੍ਹ ਜਨਵਰੀ ਦੇ ਮਹੀਨੇ ਵਿਚ ਧੁੱਪ ਕਿਹੋ ਜਹੀ ਪੈਂਦੀ ਏ ਉਧਰ!

—ਰਾਤਾਂ ਨੂੰ ਸਰਦੀ ਪੈਂਦੀ ਹੈ—ਪਰ ਬਰਤਾਨੀਆਂ ਦੀ ਸਰਦੀ ਦਾ ਚੌਥਾ ਹਿੱਸਾ ਵੀ ਨਹੀਂ। ਦਿਨ ਵੇਲੇ ਸਾਰਾ ਦਿਨ ਸੂਰਜ ਅਸਮਾਨ ਦੀ ਪਰਕਰਮਾ ਕਰਦਾ ਏ। ਬੜੀ ਕੋਸੀ ਕੋਸੀ ਧੁੱਪ ਪੈਂਦੀ ਏ।

ਡੈਡੀ ਚਲੋ ਨਾ ਚਲੀਏ ਫਿਰ। ਏਸੇ ਮਹੀਨੇ। ਪਲੀਜ਼ ਡੈਡੀ।

○ ○ ○

ਹਵਾਈ ਜਹਾਜ਼ ਰਾਹੀਂ ਉਹ ਦਿੱਲੀ ਪਹੁੰਚੇ ਤੇ ਫੇਰ ਬੱਸ ਰਾਹੀਂ ਉਹ ਆਪਣੇ ਪਿੰਡ ਸ਼ਾਮਗੜ੍ਹ ਜਾਣ ਲਈ ਨਾਲ ਲਗਦੇ ਸ਼ਹਿਰ ਵਲ ਰਵਾਨਾਂ ਹੋ ਗਏ। ਉਹਨਾਂ ਨੂੰ ਕਈ ਥਾਈਂ ਖੜੇ ਟਰੈਕਟਰ ਤੇ ਟਿਊਬਵੈੱਲ ਨਜ਼ਰ ਆਏ ਸਨ। ਕਿਤੇ ਕਿਤੇ ਚਿਮਨੀਆਂ ਵੀ ਦਿਸੀਆਂ।

—ਸੰਨੀ, ਆਪਣਾ ਦੇਸ਼ ਹੁਣ ਬੜੀ ਤਰੱਕੀ ਕਰ ਗਿਆ ਏ। ਇਹ ਚੌੜੀਆਂ ਸੜਕਾਂ—ਇਹ ਨਹਿਰਾਂ! ਇਹ ਕਾਰਖਾਨੇ! ਵੀਹ ਸਾਲ ਪਹਿਲਾਂ ਤਾਂ ਕੁੱਝ ਵੀ ਨਹੀਂ ਸੀ।

—ਡੈਡੀ, ਮੈਂ ਇੰਜੀਨੀਅਰਿੰਗ ਦੀ ਪੜ੍ਹਾਈ ਖਤਮ ਕਰਕੇ ਇੰਡੀਆ ਵਿਚ ਹੀ ਆ ਜਾਣੈ। ਆਪਣਾ ਦੇਸ਼। ਆਪਣੇ ਲੋਕ।

ਰਾਹ ਵਿਚ ਬਸ ਇਕ ਅੱਡੇ ਤੇ ਰੁਕੀ। ਉਨ੍ਹਾਂ ਸੋਚਿਆ ਚਾਹ ਦਾ ਕੱਪ ਲੈ ਲੈਣ, ਨਾਲ ਕੁੱਝ ਖਾ ਲੈਣ।

—ਦੋ ਕੱਪ ਚਾਹ ਦੇ।

—ਲੋ ਬਾਊ ਜੀ।

—ਬਿਸਕੁਟ ਵੀ ਦੇ।

—ਬਿਸਕੁਟ ਖਤਮ ਹਨ।

—ਬਰੈੱਡ ਦੇ ਦੋ ਪੀਸ ਦੇ ਫੇਰ।

—ਬਰੈੱਡ ਵੀ ਹੈ ਨਹੀਂ ।

—ਕਿਉਂ ? ਸਭ ਕੁੱਝ ਖਤਮ ਹੋ ਗਿਆ ?

—ਬਾਊ ਜੀ ਏਥੋਂ ਦਾ ਕਾਰਖਾਨਾ ਬੰਦ ਏ । ਕਾਰਖਾਨੇ ਨੂੰ ਮੈਦੇ ਦਾ ਕੋਟਾ ਨਹੀਂ ਮਿਲਿਆ ।

—ਅਜੀਬ ਗੱਲ ਏ । —ਹੱਛਾ ਫਿਰ, ਕਿੰਨੇ ਪੈਸੇ ਦੋ ਕੱਪਾਂ ਦੇ ।

—ਇਕ ਰੁਪਿਆ ਵੀਹ ਪੈਸੇ !

—ਇਕ ਰੁਪਿਆ ਵੀਹ ਪੈਸੇ । ਇਕ ਆਨੇ ਦਾ ਭਰਿਆ ਗਲਾਸ ਚਾਹ ਮਿਲ ਜਾਂਦੀ ਸੀ !

—ਬਾਊ ਜੀ ਕਿਹੜੇ ਸਤਿਯੁਗਾਂ ਦੀਆਂ ਗੱਲਾਂ ਕਰਦੇ ਹੋ ! ਚੀਨੀ ਪਤਾ ਕਿਸ ਭਾਅ ਵਿਕਦੀ ਏ ? ਲੱਗਦਾ ਹੈ ਤੁਸੀਂ ਕਿਤੋਂ ਬਾਹਰੋਂ ਆਏ ਹੋ ।

o o o

ਆਪਣੇ ਪਿੰਡ ਦੇ ਨਾਲ ਲਗਦੇ ਸ਼ਹਿਰ ਪਹੁੰਚੇ ਤਾਂ ਪਤਾ ਲਗਾ ਕਿ ਸ਼ਾਮਗੜ੍ਹ ਨੂੰ ਅੱਜ ਬੱਸ ਨਹੀਂ ਜਾਣੀ । ਡੀਜ਼ਲ ਦੀ ਕਿੱਲਤ ਹੋਣ ਕਰਕੇ ਕਈ ਦਿਨਾਂ ਤੋਂ ਲਿੰਕ ਸੜਕਾਂ ਉਤੇ ਕੰਪਨੀ ਬੱਸਾਂ ਨਹੀਂ ਸੀ ਚਲਾ ਰਹੀ ।

ਸ਼ਾਮਗੜ੍ਹ ਏਥੋਂ ਦੋ ਮੀਲ ਦੂਰ ਸੀ । ਹੋਰ ਚਾਰਾ ਨਾ ਵੇਖ ਕੇ ਉਹ ਪੈਦਲ ਤੁਰ ਪੈ ।

ਪੱਕੀ ਸੜਕ ਸੀ । ਪਹਿਲਾਂ ਏਥੇ ਇਕ ਭੀੜੀ ਜਹੀ ਵਿੰਗ ਤੜਿੰਗੀ ਡੰਡੀ ਹੁੰਦੀ ਸੀ ।

ਪਿੰਡ ਪਹੁੰਚਦਿਆਂ ਨੂੰ ਕਾਫੀ ਹਨੇਰਾ ਹੋ ਚੁੱਕਾ ਸੀ । ਰੂੜੀਆਂ ਨਜ਼ਰ ਆਉਣ ਲਗੀਆਂ ਤੇ ਪਿਛੇ ਘਰ ।

ਉਸ ਨੂੰ ਯਾਦ ਆਇਆ—ਸਾਡੇ ਪਿੰਡ ਰੂੜੀਆਂ ਦੇ ਢੇਰਾਂ ਤੋਂ ਅਰੰਭ ਹੁੰਦੇ ਹਨ ।

ਅੱਠ ਵੱਜੇ ਸਨ । ਸਾਰੇ ਪਿੰਡ ਵਿਚ ਸੁੰਨਸਾਨ ਸੀ । ਚੁੱਪ ਚਾਂ । ਹਨੇਰਾ ਘੁੱਪ ।

ਉਹ ਇਕ ਗਲੀ ਵਿਚ ਪੈ । ਕੁੱਤੇ ਭੌਂਕਣ ਲਗੇ । ਉਸ ਨੇ ਕਿਸੇ ਨੂੰ ਪੁਛਿਆ—ਬਲਕਾਰ ਸਿੰਘ ਦਾ ਘਰ ਕਿਹੜਾ ਏ ?

—ਕਿਹੜਾ ਬਲਕਾਰ ਸਿੰਘ ? ਕਿਤੇ ਕਾਰੀ ਤਾਂ ਨਹੀਂ ?

—ਹਾਂ ਕਾਰੀ ।

—ਉਹਨਾਂ ਦੇ ਬੂਹੇ ਅੱਗੇ ਤਾਂ ਤੁਸੀਂ ਖੜੇ ਹੋ ।

—ਹਾਂ ਮੈਨੂੰ ਵੀ ਏਹੋ ਹੀ ਸ਼ਕ ਪੈਂਦਾ ਸੀ । ਫਿਰ ਵੀ ਮੈਂ ਸੋਚਿਆ ਪੱਕ ਕਰ ਲਈਏ ।

ਉਸ ਨੇ ਬੂਹਾ ਧੱਕਿਆ । ਬੂਹਾ ਖੁਲ੍ਹ ਗਿਆ, ਉਹਨਾਂ ਨੇ ਅੰਦਰ ਝਾਕਿਆ ।

ਬੂਹੇ ਦੇ ਨਾਲ ਹੀ ਢਾਰੇ ਵਿਚ ਮੱਝ ਬੱਧੀ ਹੋਈ ਸੀ । ਸਾਹਮਣੇ ਕੋਠੜੀ ਵਿਚ ਦੀਵੇ ਦੀ ਮੱਧਮ ਜਹੀ ਲੋਅ ਸੀ ।

ਉਹ ਢਾਰੇ ਵਿਚੋਂ ਦੀ ਅੱਗੇ ਲੰਘੇ । ਮੱਝ ਨੇ ਵੱਟ ਕੇ ਲਿਬੜੀ ਪੂਛ ਮਾਰੀ । ਪੂਛ ਪਿਛੇ ਪਿਛੇ ਆ ਰਹੇ ਸੱਨੀ ਦੇ ਨਵੇਂ ਸੂਟ ਦੀ ਹਿੱਕ ਤੇ ਆ ਵੱਜੀ । ਪਰ ਸੱਨੀ ਕੁੱਝ ਨਾ ਬੋਲਿਆ ।

ਖੜਾਕ ਸੁਣ ਕੇ ਬਲਕਾਰ ਦਾ ਵਡਾ ਮੁੰਡਾ ਕੋਠੜੀ ਵਿਚੋਂ ਬਾਹਰ ਨਿਕਲਿਆ—'ਕੌਣ ? ਤਾਇਆ ਜੀ। ਸਰਬਣ ਸਿੰਘ ? ਤੇ ਸੱਨੀ ?

—ਹਾਂ—।

—ਅਸੀਂ ਤੁਹਾਡੀ ਹੀ ਇੰਤਜ਼ਾਰ ਕਰ ਰਹੇ ਸਾਂ। ਤੁਹਾਡੀਆਂ ਕਈ ਚਿੱਠੀਆਂ ਮਿਲੀਆਂ । ਐਵੇਂ ਜਵਾਬ ਹੀ ਨਹੀਂ ਦਿੱਤਾ ਗਿਆ । ਆਉ ਤਾਇਆ ਜੀ ਅੰਦਰ। ਸੱਨੀ, ਆ ਬਈ । ਬੀਬੀ ਤਾਇਆ ਜੀ ਆ ਗਏ ।

ਧੂੰਏਂ ਭਰੀ ਸਬਾਤ ਵਿਚੋਂ ਬਲਕਾਰ ਦੀ ਪਤਨੀ ਲੰਮਾ ਘੁੰਢ ਕਢੀ ਬਾਹਰ ਆਈ ਅਤੇ ਸਰਬਣ ਦੇ ਪੈਰੀਂ ਹੱਥ ਲਾ ਕੇ ਪਿਛਾ ਕਰਕੇ ਖਲੋ ਗਈ । ਅਤੇ ਬੋਲੀ—

—ਹੋਰ ਓਥੇ ਸਭ ਸੁੱਖ ਸਾਂਦ ਤਾਂ ਹੈ ? ਤੁਸੀਂ ਭੈਣ ਜੀ ਨੂੰ ਵੀ ਨਾਲ ਲਈ ਆਉਂਦੇ । ਉਹ ਵੀ ਚਾਰ ਦਿਨ ਮਿਲ ਜਾਂਦੀ । ਚੰਗਾ, ਮੈਂ ਚਾਹ ਧਰਦੀ ਆਂ ।

—ਬਿਜਲੀ ਤਾਂ ਲਗੀ ਹੋਈ ਏ । ਪਰ ... ।

—ਤਾਇਆ ਜੀ ਬਿਜਲੀ ਘੱਟ ਵੱਧ ਹੀ ਆਉਂਦੀ ਏ ।

—ਕਿਉਂ ?

—ਸੁਣਿਆ ਏ । ਕੋਲਾ ਨਾ ਮਿਲਣ ਕਰਕੇ ਬਿਜਲੀ ਤਪਤ— ਘਰ ਬੰਦ ਏ ।

—ਕੈਰੋਸੀਨ ਦੀ ਲੈਂਪ ਹੁੰਦੀ ਤਾਂ ਵੀ ... ।

—ਕੈਰੋਸੀਨ ! ਕੈਰੋਸੀਨ ਦਾ ਮੂੰਹ ਦੇਖਿਆ ਨੂੰ ਤਾਂ ਖਨੀ ਦੋ ਸਾਲ ਹੋ ਗਏ ਹੋਣੇ ਨੇ । ਸੁਣਿਆਂ ਸ਼ਹਿਰਾਂ ਵਿਚ ਕਦੀ ਕਦੀ ਡੀਪੂਆਂ ਤੇ ਸਪਲਾਈ ਹੁੰਦਾ ਏ ।

—ਕਾਕਾ, ਬਲਕਾਰ ਸਿੰਘ ਕਿਥੇ ਏ ? ਹਾਲੀ ਤੱਕ ਖੇਤਾਂ ਵਿਚ ਹੀ—

—ਨਹੀਂ ਤਾਇਆ । ਉਹ ਤਾਂ ਪਰਸੋਂ ਦੇ ਝੋਨੇ ਦਾ ਗੱਡਾ ਲੈ ਕੇ ਮੰਡੀ ਗਏ ਹੋਏ ਨੇ । ਤੁਹਾਡੇ ਆਉਣ ਤੋਂ ਥੋੜਾ ਚਿਰ ਪਹਿਲਾਂ ਹੀ ਮੈਂ ਉਹਨਾਂ ਨੂੰ ਰੋਟੀ ਦੇ ਕੇ ਆਇਆ ਹਾਂ ।

—ਮੰਡੀ ਕੀ ਕਰਦੇ ਨੇ ?

—ਜਦੋਂ ਝੋਨਾ ਵਿਕੂ ਉਦੋਂ ਹੀ ਆਉਣਗੇ ।

—ਹੱਛਾ, ਜਿਨਸ ਵੇਚਣ ਨੂੰ ਤਿੰਨ ਤਿੰਨ ਦਿਨ ਲੱਗ ਜਾਂਦੇ ਨੇ ।

—ਤਿੰਨ ਦਿਨ ਕਿਥੇ ? ਤਾਇਆ ਜੀ, ਕਈ ਵਾਰ ਤਾਂ ਹਫਤਾ ਹਫਤਾ ਭਰ ਆਪਣੀ ਢੇਰੀ ਲਾਗੇ ਢੇਰੀ ਹੋਇਆਂ ਰਹਿਣਾ ਪੈਂਦਾ ਹੈ ।

—ਦੀਪ, ਚਾਹ ਲੈ ਜਾ । ਤਿਆਰ ਆ ।

—ਏਨੇ ਸਾਲ ਬੀਤ ਗਏ ਨੇ ਓਹੋ ਇਕੋ ਕਮਰਾ । ਓਹੋ ਢਾਰਾ ।

—ਤਾਇਆ ਜੀ, ਔ ਦੇਖੋ ਢਾਰੇ ਦੀ ਨੁਕਰੇ ਬੈਠਕ ਸ਼ੁਰੂ ਕੀਤੀ ਹੋਈ ਏ । ਕੰਧਾਂ ਤਿਆਰ ਨੇ । ਪਹਿਲਾਂ ਇੱਟਾਂ

ਨਹੀਂ ਸਨ ਮਿਲਦੀਆਂ—ਤੇ ਹੁਣ ਕਈ ਮਹੀਨੇ ਹੋ ਗਏ ਨੇ ਸੀਮਿੰਟ ਨਹੀਂ ਮਿਲਦਾ। ਦੋ ਬੋਰੀਆਂ ਬਲੈਕ ਵਿਚੋਂ ਲੈ ਕੇ ਦੋਹਾਂ ਬੂਹਿਆਂ ਤੇ ਬਾਰੀਆਂ ਉਤੇ ਲੈਂਟਰ ਪਾਇਆ ਸੀ—ਛੱਤ ਰਹਿੰਦੀ ਏ।

—ਚਾਹ ਤਾਂ ਬਹੁਤ ਗਰਮ ਏ। ਗਲਾਸ ਨੂੰ ਹੱਥ ਨਹੀਂ ਲਗਦਾ।

—ਹਾਂ ਸੱਚ ਤਾਇਆ ਜੀ, ਚਾਹ ਨਮਕੀਨ ਹੈ। ਮੈਂ ਸੁਣਿਆ ਏ ਇੰਗਲੈਂਡ ਵਿਚ ਲੋਕ ਚਾਹ ਵਿਚ ਚੀਨੀ ਨਹੀਂ ਪਾਉਂਦੇ। ਅਸੀਂ ਵੀ ਕਈ ਦਿਨਾਂ ਤੋਂ ਨਮਕੀਨ ਚਾਹ ਪੀ ਰਹੇ ਹਾਂ।

—'ਹਾਂ ਹਾਂ ਨਮਕੀਨ ਚਾਹ ਸਾਨੂੰ ਵੀ ਪਸੰਦ ਏ।' ਕਾਫੀ ਚਿਰ ਤੱਕ ਗੱਲਾਂ ਹੁੰਦੀਆਂ ਰਹੀਆਂ। ਇਸ ਦੁਰਾਨ ਸਿਰਫ ਇਕ ਵਾਰ ਸੱਨੀ ਬੋਲਿਆ, ਸੀ—'ਤੁਸੀਂ ਅੱਜ ਘਰ ਹੀ ਹੈ। ਵਰਕਿੰਗ ਤੇ ਸੀ। ਕੀ ਤੁਹਾਡੇ ਓਵਰ ਟਾਇਮ ਨਹੀਂ ਲਗਦਾ ?'

—ਸੱਨੀ ਓਵਰ ਟਾਈਮ ਏਥੇ ਕਿੱਥੇ ? ਕੰਮ ਹੀ ਨਹੀਂ ਮਿਲਦਾ। ਮੈਂ ਖੁਸ਼ਕਿਸਮਤ ਸਾਂ ਕਿ ਮੈਨੂੰ ਨੌਕਰੀ ਮਿਲ ਗਈ। ਥੋੜਿਆਂ ਪੈਸਿਆਂ ਵਿਚ ਹੀ ਸੌਦਾ ਹੋ ਗਿਆ। ਮੈਂ ਸ਼ਹਿਰ ਇਕ ਡੀਪਾਰਟਮੈਂਟ ਵਿਚ ਕਲੱਰਕ ਹਾਂ। ਅੱਜ ਛੁੱਟੀ ਸੀ। ਕੱਲ ਐਤਵਾਰ ਏ।

—ਅੱਜ ਕਿਸੇ ਫੈਸਟੀਵਲ ਦੀ ਛੁੱਟੀ ਹੋਣੀ ਏਂ।

—ਨਹੀਂ ਸੱਨੀ। ਏਥੇ ਅੱਜ ਕਲ੍ਹ ਹਰ ਸ਼ਨੀਚਰ ਵਾਰ ਦਫਤਰ ਬੰਦ ਰਹਿੰਦੇ ਨੇ। ਤੇਲ ਦੀ ਖਪਤ ਨੂੰ ਘਟਾਉਣ ਲਈ ਹਰ ਸ਼ਨੀਚਰ ਵਾਰ ਛੁੱਟੀ ਹੁੰਦੀ ਏ।

ਰੋਟੀ ਖਾਣ ਤੋਂ ਬਾਅਦ ਸਾਰੇ ਆਪਣੇ ਆਪਣੇ ਮੰਜੇ ਤੇ ਲੰਮੇ ਪੈ ਗਏ। ਇਕ ਨੁਕਰੇ ਸੱਨੀ ਦਾ ਮੰਜਾ ਸੀ—ਉਸ ਤੋਂ ਅੱਗੇ ਉਸ ਦੇ ਡੈਡੀ ਦਾ ਉਸ ਤੋਂ ਅੱਗੇ ਦੀਪ ਦਾ ਮੰਜਾ ਸੀ। ਅੱਗੇ ਇਕ ਮੰਜਾ ਪਹਿਲਾਂ ਤੋਂ ਹੀ ਵਿਛਿਆ ਪਿਆ ਸੀ—ਸ਼ਾਇਦ ਕੋਈ ਛੋਟਾ ਬੱਚਾ ਸੌਂ ਰਿਹਾ ਸੀ। ਦੂਜੀ ਨੁਕਰੇ ਦੀਪ ਦੀ ਬੀਬੀ ਦਾ ਮੰਜਾ ਸੀ।

ਸਾਰੇ ਸੌਂ ਰਹੇ ਸਨ।

ਸੱਨੀ ਜਾਗ ਰਿਹਾ ਸੀ।

ਸੱਨੀ ਦੇ ਡੈਡੀ ਨੂੰ ਨੀਂਦ ਨਹੀਂ ਸੀ ਆ ਰਹੀ।

ਮੰਜਿਆਂ ਹੇਠਾਂ ਖਾਲੀ ਭਾਂਡਿਆਂ ਵਿਚ ਚੂਹੇ ਭੁੜਕ ਰਹੇ ਸਨ ਤੇ ਖੜਾਕ ਕਰ ਰਹੇ ਸਨ।

—ਸੱਨੀ ਕੀ ਗੱਲ ਬੇਟੇ। ਬੈਠ ਕਿਉਂ ਗਿਆ ਏਂ ?

—ਡੈਡੀ ਨੀਂਦ ਨਹੀਂ ਆ ਰਹੀ। ਠੰਡ ਬੜੀ ਲੱਗ ਰਹੀ ਏ। ਸਰੀਰ ਸੁੰਨ ਹੁੰਦਾ ਜਾ ਰਿਹਾ ਹੈ।

—ਚਾਰੇ ਪਾਸਿਓਂ ਰਜ਼ਾਈ ਘੁੱਟ ਲੈ। ਫੇਰ ਠੰਡ ਘੱਟ ਜਾਵੇਗੀ। ਰਾਤ ਹੀ ਠੰਢ ਹੁੰਦੀ ਹੈ ਦਿਨੇ ਤਾਂ ਨਿੱਘੀ ਨਿੱਘੀ ਧੁੱਪ......।

—ਡੈਡੀ ਮੇਰਾ ਤਾਂ ਕਾਂਬਾ ਬੰਦ ਨਹੀਂ ਹੁੰਦਾ। ਆਈ. ਐਮ. ਫਰੀਜ਼ਿੰਗ ਡੈਡ। ਦਿਨੇ ਵੀ ਧੁੱਪ ਏਥੇ ਕਿੱਥੇ ਆਵੇਗੀ।

ਦੀਪ ਨੂੰ ਜਗਾ ਕੇ ਇਕ ਰਜ਼ਾਈ ਹੋਰ ਸੰਦੂਕ ਵਿਚੋਂ ਕਢਵਾਕੇ ਸੱਨੀ ਉੱਤੇ ਪਾ ਦਿੱਤੀ ਗਈ। ਸਾਰੇ ਸੌਂ ਰਹੇ ਸਨ। ਨਿੱਕੇ ਨਿੱਕੇ ਘੁਰਾੜਿਆਂ ਦੀ ਆਵਾਜ਼ ਆ ਰਹੀ ਸੀ।

—ਡੈਡੀ ਸੌਂ ਗਏ ?

—ਨਹੀਂ ਬੇਟੇ।

—ਆਪਾਂ ਕਦੋਂ ਵਾਪਸ ਜਾਵਾਂਗੇ ?

---

ਕਹਾਣੀ—

# ਸੰਗਰਾਮੀਏਂ

ਅਜੀਤ ਸਿੰਘ ਪੱਤੋ

o

ਟਾਰਚ ਦੇ ਚਾਨਣ ਦੀ ਇਕ ਤੇਜ਼ ਲਕੀਰ ਉਸ ਦੀਆਂ ਅੱਡੀਆਂ ਖੁੱਚਾਂ ਤੋ ਪਿੱਠ ਨੂੰ ਵਿੰਨ੍ਹ ਗਈ।

—ਠਹਿਰੋ। ਦੂਸਰੇ ਹੀ ਪਲ ਇਕ ਕੜਕਵੀਂ ਅਵਾਜ਼ ਉਸ ਦੇ ਕੰਨਾਂ ਵਿਚ ਗੂੰਜੀ। ਪਰ ਉਹ ਨਾਂ ਹੀ ਠਹਿਰਿਆ ਤੇ ਨਾ ਹੀ ਉਸ ਪਿੱਛੇ ਭੌਂ ਕੇ ਵੇਖਿਆ, ਸਗੋਂ ਸੱਪ ਵਾਂਗ ਵਲ-ਵਲੇਵੇਂ ਖਾਂਦਾ ਨੱਠ ਤੁਰਿਆ।

—ਠਾਅ। ਇਕ ਗੋਲੀ ਉਸ ਦੇ ਸੱਜੇ ਪਾਸਿਓਂ ਨਿਕਲ ਗਈ। ਪਰ ਅਗਲਾ ਫਾਇਰ ਹੋਣ ਤੋਂ ਪਹਿਲਾਂ ਹੀ ਉਹ ਕਿੱਕਰ ਦੇ ਇਕ ਰੁੱਖ ਉਹਲਿਓਂ ਹੋਕੇ ਲਾਗਲੇ ਕਮਾਦ ਵਿਚ ਛਾਲ ਮਾਰ ਗਿਆ।

'ਕਿੱਕਰ ਦਾ ਇਹ ਰੁੱਖ...' ਉਸ ਕਮਾਦ ਨਾਲ ਲਗਦੀ ਆੜ ਵਿਚ ਦੌੜਦਿਆਂ ਸੋਚਿਆ, 'ਕਿੱਕਰ ਦਾ ਇਹ ਰੁੱਖ ਹੁਣ ਉਸ ਦੀ ਰੱਖਿਆ ਕਰੇਗਾ। ਪੁਲਸ ਉਸ ਕੋਲ ਡਰਦੀ ਸਹਿਮਦੀ ਮਸਾਂ ਮਸਾਂ ਪੁੱਜੇਗੀ ਕਿ ਮਤੇ ਇਹ ਰੁੱਖ ਅੱਗ ਨਾ ਉਗਲੱਛ ਦੇਵੇ!'

ਤੇ ਆਪਣੀ ਇਸ ਸੋਚ ਉਤੇ ਉਹ ਭਜਿਆ ਜਾਂਦਾ ਹੀ

ਮੁਸਕਰਾਇਆ।

o

ਉਦੋਂ ਉਹ ਸਕੂਲ ਦਾ ਵਿਦਿਆਰਥੀ ਸੀ, ਜਦੋਂ ਉਸ ਦੇ ਮਨ ਅੰਦਰ ਦੇਸ਼ ਦੀ ਆਜ਼ਾਦੀ ਦੀ ਚੰਗਿਆੜੀ ਮਘੀ ਸੀ। ਉਦੋਂ ਗਾਂਧੀ ਜੀ ਸਵੈਰਾਜ ਨੂੰ 'ਰਾਮ ਰਾਜ' ਕਹਿੰਦੇ ਸਨ। ਉਦੋਂ ਪੰਡਤ ਨਹਿਰੂ ਜੀ ਆਜ਼ਾਦੀ ਦੇ ਅਰਥ ਫਰੰਗੀਆਂ ਤੋਂ ਹੀ ਨਹੀਂ, ਆਰਥਕ ਬੰਧਨਾਂ ਤੋਂ ਵੀ ਮੁਕਤੀ ਦੱਸਿਆ ਕਰਦੇ ਸਨ। ਉਦੋਂ ਹਰ ਸਾਧਾਰਨ ਹਿੰਦੁਸਤਾਨੀ ਇਹੋ ਸਮਝਦਾ ਸੀ ਕਿ ਆਜ਼ਾਦੀ ਪਿੱਛੋਂ ਸਭ ਇਕ ਹੋ ਜਾਣਗੇ—ਮਿੱਲਾਂ, ਖੇਤ ਤੇ ਹੋਰ ਪੈਦਾਵਾਰੀ ਸਾਧਨ ਸਾਰਿਆਂ ਦੇ ਸਾਂਝੇ ਹੋਣਗੇ।

ਇਸ ਆਜ਼ਾਦੀ ਦੀ ਪ੍ਰਾਪਤੀ ਲਈ ਉਹ ਆਪ ਮੈਦਾਨ ਵਿਚ ਕੁੱਦ ਪਿਆ ਸੀ। ਉਸ ਕਈ ਮੋਰਚਿਆਂ ਵਿਚ ਹਿੱਸਾ ਲਿਆ, ਕੁੱਟਾਂ ਖਾਧੀਆਂ ਤੇ ਜੇਲ੍ਹਾਂ ਵੇਖੀਆਂ।

ਤੇ ਅੰਤ ਦੇਸ਼ ਨੂੰ ਆਜ਼ਾਦੀ ਮਿਲ ਗਈ।

ਤੇ ਇਸ ਆਜ਼ਾਦੀ ਦੀ ਕੁਰਬਾਨਗਾਹ ਉੱਤੇ ਲੱਖਾਂ ਪੰਜਾਬੀਆਂ, ਬੰਗਾਲੀਆਂ ਤੇ ਹੋਰਨਾਂ ਦੀ ਬਲੀ ਚੜ੍ਹਾਈ ਗਈ, ਦੇਸ ਵੰਡਿਆ ਗਿਆ ਤੇ ਕਰੋੜਾਂ ਲੋਕ ਘਰੋਂ ਬੇਘਰ ਹੋ ਗਏ।

ਇਤਨਾਂ ਕੁਝ ਹੋਣ ਉਪ੍ਰੰਤ ਵੀ ਇਹ ਉਹ ਆਜ਼ਾਦੀ ਨਹੀਂ ਸੀ, ਜਿਹੜੀ ਉਹ ਚਾਹੁੰਦਾ ਸੀ, ਜਿਹੜੀ ਲੋਕ ਚਾਹੁੰਦੇ ਸਨ ਤੇ ਜਿਸ ਦਾ ਚਰਚਾ ਗਾਂਧੀ ਤੇ ਨਹਿਰੂ ਕਰਿਆ ਕਰਦੇ ਸਨ। ਕਹਿਣੀ ਕੀ ਹੁੰਦੀ ਹੈ, ਕਰਨੀ ਕੀ ਹੁੰਦੀ ਹੈ—ਇਹ ਭੇਤ ਉਸ ਉੱਤੇ ਭਲੀ ਭਾਂਤ ਖੁੱਲ੍ਹ ਗਿਆ ਸੀ ਤੇ ਵੱਡੇ ਛੋਟੇ ਆਗੂਆਂ ਦੇ ਦੰਭੀ ਚਿਹਰੇ ਉਸ ਦੀਆਂ ਅੱਖਾਂ ਸਾਹਵੇਂ ਬੇ-ਨਕਾਬ ਹੋ ਗਏ ਸਨ।

—ਤੇ ਇਸ ਆਜ਼ਾਦੀ ਨੂੰ ਸਵੀਕਾਰ ਕਰਨੋਂ ਉਸ ਇਨਕਾਰ ਕਰ ਦਿੱਤਾ ਸੀ। ਉਹ ਇਕੱਲਾ ਹੀ ਨਹੀਂ, ਹੋਰ ਵੀ ਸਨ—ਲੱਖਾਂ ਸਨ, ਹਜ਼ਾਰਾਂ ਸਨ—ਜੋ ਉਸ ਵਾਂਗ ਹੀ ਸੋਚਦੇ ਸਨ। ਇਹ ਸੋਚ ਖ਼ਿਆਲੀ ਸੋਚ ਨਹੀਂ ਸੀ। ਇਸ ਦੀਆਂ ਜੜ੍ਹਾਂ ਧਰਤੀ ਵਿਚ ਧੁਸ ਗਈਆਂ ਸਨ ਤੇ ਇਸ ਨੂੰ ਵਧਣੋਂ ਫੁੱਲਣੋਂ ਕੋਈ ਤਾਕਤ ਰੋਕ ਨਹੀਂ ਸਕਦੀ ਸੀ।

ਤੇ ਇੰਜ ਹੀ ਹੋਇਆ। ਇਸ ਸੋਚ ਨੇ ਅਮਲ ਦਾ ਰੂਪ ਧਾਰ ਲਿਆ। ਤੇ ਇਕ ਨਵਾਂ ਘੋਲ-ਜਮਾਤੀ ਘੋਲ—ਅਰੰਭ ਹੋ ਗਿਆ।

ਉਹ ਇਸ ਘੋਲ ਦਾ ਇਕ ਘੁਲਾਟੀਆ ਸੀ। ਸਤਿਕਾਰ, ਪਿਆਰ ਤੇ ਨਿੰਮਰਤਾ ਨਾਲ ਵੈਰੀ ਦਾ ਦਿਲ ਜ਼ਿੱਤਣ ਵਾਲੇ ਕਾਇਰ ਫ਼ਲਸਫ਼ੇ ਦੀ ਉਸ ਦੇ ਜ਼ਿਹਨ ਵਿਚ ਕਿਧਰੇ ਠਹੁਰ ਨਹੀਂ ਸੀ। ਉਸ ਦਾ ਯਕੀਨ ਬਲ ਵਿਚ ਸੀ, ਸ਼ਕਤੀ ਵਿਚ ਸੀ—ਅਜਿਹੀ ਜਨ-ਸ਼ਕਤੀ ਵਿਚ, ਜਿਹੜੀ ਲੋਕ ਦੁਸ਼ਮਨ ਤਾਕਤਾਂ ਨੂੰ ਮਲੀਆ ਮੇਟ ਕਰ ਸਕੇ। ਤੇ ਉਹ ਇਸ ਸ਼ਕਤੀ ਨੂੰ ਉਸਾਰਨ ਲਈ ਆਪਣੇ ਸਾਥੀਆਂ ਸਮੇਤ ਜੁੱਟ ਪਿਆ ਸੀ।

o

ਅਜ ਉਹ ਬੇਗੂਵਾਲ ਵਿਚੋਂ ਬਾਹਰ ਨਿਕਲਿਆ ਹੀ ਸੀ ਕਿ ਕਿਸੇ ਮੁਖ਼ਬਰ ਨੇ ਵੇਖ ਲਿਆ ਸੀ ਤੇ ਪਿੰਡ ਵਿਚ ਬੈਠੀ ਪੁਲਸ ਚੋਕੀ ਉਸ ਦੇ ਮਗਰ ਲਗ ਤੁਰੀ ਸੀ।

o

ਹੁਣ ਉਹ ਕੱਸੀ ਉਤੇ ਪੁੱਜ ਗਿਆ ਸੀ।

ਉਸ ਭੌਂ ਕੇ ਵੇਖਿਆ, ਪੁਲਸ ਵਾਲੇ ਅਜੇ ਕਿੱਕਰ ਦੇ ਰੁੱਖ ਕੋਲ ਅੱਪੜੇ ਨਹੀਂ ਸਨ। ਖੇਤ ਭਰ ਪਿਛਾਂਹ ਹੀ ਉਹਨਾਂ ਦੀ ਟਾਰਚ ਹਨੇਰੇ ਦੇ ਪਿੰਡੇ ਵਿਚ ਕਿਰਚਾਂ ਖੋਭ ਰਹੀ ਸੀ।

ਕੱਸੀ ਟੱਪਕੇ ਉਸ ਚੱਕ ਪੀਰਸ਼ਾਹ ਵਲ ਮੂੰਹ ਕਰ ਲਿਆ। ਚੱਕ ਪੀਰਸ਼ਾਹ ਉਸ ਦੇ ਕੰਮ ਦਾ ਗੜ੍ਹ ਸੀ। ਉਥੋਂ ਦਾ ਸੈੱਲ ਮਜ਼ਬੂਤ, ਸੁਲਝਿਆ ਹੋਇਆ ਤੇ ਹਰਕਤ ਵਿਚ ਆਉਣ ਵਾਲਾ ਸੀ। ਅਜਿਹੇ ਯੂਨਿਟ ਉਹ ਹੋਰਨਾਂ ਚੱਕਾਂ ਵਿਚ ਕਾਇਮ ਕਰਨੇ ਚਾਹੁੰਦਾ ਸੀ।

ਕੰਧ ਟੱਪਕੇ ਉਸ ਨਾਥੀ ਦਾ ਬੂਹਾ ਜਾ ਥਪ-ਥਪਾਇਆ।

ਕੰਡੇਰਨੇ ਵਰਗੀ ਦਾੜ੍ਹੀ ਮੁੱਛਾਂ ਵਾਲਾ ਅਕਹਿਰੇ ਜੁੱਸੇ ਨਾਥੀ ਖਾਸ ਭਰੋਸੇ ਜੋਗ ਕੇਡਰ ਸੀ। ਉਸ ਦੇ ਖਾਨਦਾਨ ਨੇ ਬਹੁਤ ਅੱਤਿਆਚਾਰ ਤੇ ਬੇਇਜ਼ਤੀ-ਸਹੀ ਸੀ, ਭੁੱਖ ਨੰਗ ਵੇਖੀ ਸੀ। ਨਾਥੀ ਉਦੋਂ ਅੱਠਾਂ ਸੱਤਾਂ ਵਰ੍ਹਿਆਂ ਦਾ ਸੀ ਜਦੋਂ ਛੋਟੇ ਸਰਦਾਰ ਨੇ ਉਸ ਦੀ ਭਰ ਜਵਾਨ ਚੰਦ ਵਰਗੀ ਭੂਆ, ਇੰਦੋ ਨੂੰ, ਕਪਾਹ ਦੀ ਵੰਡਾਈ ਕਰਾਉਣ ਗਈ ਨੂੰ, ਹਵੇਲੀ ਅੰਦਰ ਆਪਣੇ ਕਮਰੇ ਵਿਚ ਖਿੱਚ ਲਿਆ ਸੀ। ਨਾਥੀ ਦਾ ਪਿਓ ਭਗਤੂ ਜਦੋਂ ਆਪਣੀ ਭੈਣ ਦਾ ਪਤਾ ਲੈਣ ਗਿਆ ਸੀ ਤਾਂ ਇਹ ਕਹਿਕੇ ਮੋੜ ਦਿਤਾ ਗਿਆ ਸੀ ਕਿ ਇੰਦੋ ਹੁਣ ਤੋਂ ਜ਼ਨਾਨ-ਖਾਨੇ ਦੀ ਸੇਵਾ ਵਿਚ ਰਹੇਗੀ। ਭਗਤੂ ਹੱਥ ਮਲਦਾ ਮੁੜ ਆਇਆ ਸੀ। ਉਹ ਕਰ ਵੀ ਕੀ ਸਕਦਾ ਸੀ। ਜੇ ਕੁਝ ਚੂੰ ਚਰਾਂ ਕਰਦਾ ਵੀ ਤਾਂ ਦੋਂਹ ਸਿਆੜਾਂ ਤੋਂ ਹੱਥ ਧੋ ਬੈਠਦਾ, ਉੱਜੜ ਜਾਂਦਾ ਤੇ ਉੱਜੜੇ ਦਾ ਕਿਧਰੇ ਵਸੇਬਾ ਨਾ ਹੁੰਦਾ। ਮਜਬੂਰੀ ਦਾ ਦੂਜਾ ਨਾਂ ਸਬਰ ਹੈ,ਜੋ ਉਸ ਕਰ ਲਿਆ ਸੀ।

ਪਰ ਏਥੇ ਹੀ ਬੱਸ ਨਹੀਂ ਹੋਈ ਸੀ।

ਪੰਜਾਂ ਸੱਤਾਂ ਮਹੀਨਿਆਂ ਮਗਰੋਂ ਇੰਦੋ ਦੀ ਲਾਸ਼ ਉਹਨਾਂ ਨੂੰ ਮਿਲੀ ਭੌਂ ਦੇ ਖੂਹ ਵਿਚੋਂ ਪੁਲਸ ਨੇ ਆ ਕੱਢੀ। ਉਸ ਦਾ ਪੇਟ ਫੁੱਲਿਆ ਹੋਇਆ ਸੀ ਤੇ ਧੌਣ ਦਾ ਮਣਕਾ ਡਾਂਗ ਧਰਕੇ ਭੰਨਿਆ ਹੋਇਆ ਸੀ। ਗਰਭਵਤੀ ਭੈਣ ਦੇ ਕਤਲ ਦੇ ਦੋਸ਼ ਵਿਚ ਭਗਤੂ ਫੜ ਲਿਆ ਗਿਆ। 'ਜੁਰਮ' ਦਾ ਇਕਬਾਲ ਕਰਾਉਣ ਲਈ ਥਾਣੇ ਵਿਚ ਉਸ ਉਤੇ ਦੋ ਦਿਨ ਅੰਨ੍ਹਾਂ ਤਸ਼ੱਦਦ ਹੁੰਦਾ ਰਿਹਾ ਤੇ ਤੀਜੇ ਦਿਨ ਪੁਲਸ ਨੇ ਇਹ ਗੱਲ ਘੁਮਾ ਦਿਤੀ ਕਿ ਸ਼ਰਮ ਦਾ ਮਾਰਿਆ ਉਹ ਕੰਧ ਨਾਲ ਟੱਕਰ ਮਾਰਕੇ ਮਰ ਗਿਆ।

ਚੱਕ ਪੀਰਸ਼ਾਹ ਦੀਆਂ ਤੀਵੀਆ ਉਦੋਂ ਕਈ ਦਿਨ ਬਾਹਰ ਨਹੀਂ ਨਿਕਲਦੀਆਂ ਸਨ।

ਚੱਕ ਪੀਰ ਸ਼ਾਹ ਦੇ ਮਰਦ ਉਦੋਂ ਕਈ ਦਿਨ ਨੀਵੀਂ ਪਾਈ ਤੁਰਦੇ ਰਹੇ ਸਨ, ਉਹ ਇਕ ਦੂਜੇ ਨਾਲ ਅੱਖ ਨਹੀਂ ਮੇਲ ਸਕੇ ਸਨ।

ਤੇ ਨਾਥੀ ਕਈ ਦਿਨ ਆਪਣੀ ਮਾਂ ਦੇ ਗਲ ਲੱਗਕੇ ਰੋਂਦਾ ਰਿਹਾ ਸੀ।

o

ਹੁਣ ਨਾਥੀ ਚਾਲੀਆਂ ਪੰਜਾਹਾਂ ਨੂੰ ਢੁਕਿਆ ਹੋਇਆ ਸੀ। ਉਸਦੇ ਘਰ ਦੋ ਧੀਆਂ ਪੈਦਾ ਹੋਈਆਂ ਸਨ, ਜਿਹੜੀਆਂ ਉਸ ਕੱਚੀ ਉਮਰ ਵਿਚ ਹੀ ਵਿਆਹ ਦਿੱਤੀਆਂ ਸਨ।

o

ਉਸ ਵਲੋਂ ਖਾਸ ਅੰਦਾਜ਼ ਵਿਚ ਕੀਤੀ ਥਪ ਥਪ ਨੂੰ ਜਾਗੋ ਮੀਟੀ ਪਿਆ ਨਾਥੀ ਝਟ ਸਮਝ ਗਿਆ ਤੇ ਉਸ ਉੱਠਕੇ ਬੂਹੇ ਦਾ ਅਰਲ ਲਾਹ ਦਿੱਤਾ।

ਨਾਥੀ ਦੇ ਘਰ ਵਾਲੀ, ਭਾਗੋ ਨੇ ਉਸਨੂੰ ਰੋਟੀ ਟੁੱਕ ਤੇ ਚਾਹ ਪਾਣੀ ਪੁੱਛਿਆ।

"ਨਹੀਂ, ਕਾਸੇ ਦੀ ਲੋੜ ਨੀ!" ਉਸ ਉੱਤਰ ਵਿਚ ਕਿਹਾ ਤੇ ਨਾਥੀ ਦੇ ਨਾਲ ਹੀ ਉਸਦੇ ਬਿਸਤਰੇ ਵਿਚ ਪੈ ਗਿਆ। ਪਿਛਲੀ ਰਾਤ ਚੱਕ ਮੋਹਣਕੇ ਤੇ ਅਜ ਦਿਨੇ ਬੇਗੂਵਾਲ ਉਹ ਪਾਰਟੀ ਸਕੂਲ ਲਾਉਂਦਾ ਰਿਹਾ ਸੀ, ਪੈਣ ਸਾਰ ਹੀ ਉਸ ਨੂੰ ਨੀਂਦ ਆ ਗਈ।

o

ਉਹਨਾਂ ਨੂੰ ਸੁੱਤਿਆਂ ਅਜੇ ਘੰਟਾ ਕੁ ਭਰ ਹੀ ਸਮਾਂ ਹੋਇਆ ਸੀ ਕਿ ਉਹ ਤਿੰਨੇ ਅੱਬੜ ਬਾਹਿਆਂ ਵਾਂਗ ਉੱਠਕੇ ਬੈਠ ਗਏ! ਬੀਹੀ ਵਾਲੀ ਕੰਧ ਉਤੋਂ ਚਹੁੰ ਪੰਜਾਂ ਜਣਿਆਂ ਵਲੋਂ ਵਿਹੜੇ ਵਿਚ ਮਾਰੀਆਂ ਛਾਲਾਂ ਦੇ ਖੜਾਕ ਨਾਲ ਉਹ ਜਾਗ ਪਏ ਸਨ।

ਨਾਥੀ ਜਿਵੇਂ ਉੱਡਕੇ ਬੂਹੇ ਨਾਲ ਜਾ ਲਗਿਆ। ਫੱਟਿਆਂ ਦੀ ਝੀਤ ਰਾਹੀਂ ਉਸ ਵਿਹੜੇ ਤੇ ਪਛੂਆਂ ਵਾਲੇ ਢਾਰੇ ਵਿਚ ਟਾਰਚ ਦਾ ਘੁੰਮਦਾ ਚਾਨਣ ਵੇਖਿਆ।

"ਪੁਲਸ!" ਉਸ ਇਕ ਦਮ ਪਲਟਦਿਆਂ ਉਸਦੇ ਕੰਨ ਵਿਚ ਕਿਹਾ।

ਤੇ ਫੇਰ ਇਕ ਪਲ ਬਾਅਦ ਹੀ ਬੋਲਿਆ, "ਸਾਥੀਆ ਤੈਨੂੰ ਬਚਾਉਣਾ ਬਹੁਤ ਜ਼ਰੂਰੀ ਐ, ਉੱਠ ਕੇ ਝਟਪਟ ਭਾਗੋ ਦੇ ਲੇਫ ਵਿਚ ਵੜ ਜਾ।

"ਇਹ ਕਿਵੇਂ ਹੋ ਸਕਦੈ?" ਨਾਥੀ ਦੀ ਗੱਲ ਸੁਣਕੇ ਉਸ ਦੀ ਜਿਵੇਂ ਦਿਹ ਕੰਬ ਗਈ।

ਏਨੇ ਨੂੰ ਸੁਬਾਤ ਦੇ ਤਖ਼ਤਿਆਂ ਨੂੰ ਇਕ ਜ਼ੋਰ ਦਾ ਠੁੱਡਾ ਵੱਜਿਆ ਤੇ ਨਾਲ ਹੀ ਇਕ ਰੋਅਬ ਭਰੀ ਆਵਾਜ਼ ਗੂੰਜੀ, "ਬਾਰ ਖੋਲੋ, ਉਏ ਸੂਰ ਦੇ ਪੁੱਤੋ!"

"ਕੌਣ ਐਂ?" ਨਾਥੀ ਇਉਂ ਬੋਲਿਆ ਜਿਵੇਂ ਹੁਣੇ ਹੁਣੇ ਹੀ ਅੱਖ ਖੁੱਲ੍ਹੀ ਹੋਵੇ ਤੇ ਨਾਲ ਹੀ ਉਹਨੇ ਉਸਨੂੰ ਖਿੱਚਕੇ ਭਾਗੋ ਦੇ ਮੰਜੇ ਤੇ ਧਕ ਦਿੱਤਾ।

"ਉਏ ਪਹਿਲਾਂ ਚਾਨਣ ਕਰ ਤੇ ਫੇਰ ਬੂਹਾ ਖੋਲ੍ਹ। ਸਾਰਾ ਠਾਣਾ ਬਾਰ 'ਚ ਖੜੈ, ਸਾਲਾ ਅੱਗੋਂ ਪੁਛਦੈ—ਕੌਣ ਐਂ!"

"ਖੋਲ੍ਹਦੇਂ ਜੀ!' ਐਤਕੀਂ ਨਾਥੀ ਇੰਜ ਬੋਲਿਆ ਜਿਵੇਂ ਸੱਚੀਂ-ਮੁੱਚੀਂ ਡਰ ਗਿਆ ਹੋਵੇ ਤੇ ਨਾਲ ਹੀ ਉਹਨੇ ਉਸਦੀ ਜੁੱਤੀ ਚੁੱਕਕੇ ਭਾਗੋ ਦੀ ਜੁੱਲੀ ਹੇਠ ਰੱਖ ਦਿੱਤੀ। ਫੇਰ ਝਟ ਪਟ ਉਸ ਭਾਗੋ ਦਾ ਬਿਸਤਰਾ ਟੋਹਿਆ। ਭਾਗੋ ਸਮੇਂ ਦੀ ਨਿਜ਼ਾਕਤ ਸਮਝ ਗਈ ਸੀ ਤੇ ਉਸਨੂੰ ਉਹਨੇ ਆਪਣੀਆਂ ਲੱਤਾਂ ਵਿਚ ਦਬਾ ਲਿਆ ਸੀ।

ਨਾਥੀ ਨੇ ਡੱਬੀ ਚੁੱਕੀ ਤੇ ਦੀਵਾ ਜਗਾਇਆ।

"ਹੋਰ ਅੰਦਰ ਕੌਣ ਐ ਉਏ?' ਬਾਹਰਲੀ ਆਵਾਜ਼ ਫੇਰ ਗੂੰਜੀ।

"ਮੇਰੇ ਘਰ ਵਾਲੀ ਐ ਜੀ ਤੇ ਉਹ ਬਿਮਾਰ ਐ।" ਨਾਥੀ ਨੇ ਉਡਦੀ ਨਜ਼ਰ ਭਾਗੋ ਦੇ ਮੰਜੇ ਤੇ ਸੁੱਟੀ। ਅੱਖਾਂ ਮਿਲਦਿਆਂ ਹੀ ਭਾਗੋ ਲੰਮੇਂ ਲੰਮੇਂ ਸਾਹ ਲੈਣ ਤੇ ਹੌਲੀ ਹੌਲੀ 'ਹਾਏ, ਹਾਏ' ਕਰਨ ਲੱਗੀ।

ਫੇਰ ਉਸ ਬੂਹਾ ਖੋਹਲ ਦਿੱਤਾ।

ਇਕ ਹਵਾਲਦਾਰ ਦੋ ਸਿਪਾਹੀਆਂ ਸਮੇਤ ਇਕ ਦਮ ਅੰਦਰ ਆ ਵੜਿਆ। ਉਸ ਨਾਥੀ ਨੂੰ ਵੇਖਿਆ, ਉਸ ਦੀ ਘਰ ਵਾਲੀ ਨੂੰ ਵੇਖਿਆ। ਉਸ ਇਕੋ ਲਟੈਣ ਤੇ ਪਈ ਸੁਬਾਤ ਦੇ ਖੂੰਜਿਆਂ ਵਿਚ, ਮੰਜਿਆਂ ਹੇਠ ਤੇ ਏਧਰ ਉਧਰ, ਹਰ ਪਾਸੇ ਵੇਖਿਆ। ਏਥੋਂ ਤਕ ਕਿ ਦਾਣਿਆਂ ਵਾਲੀ ਭੜੋਲੀ ਤੇ ਇਕ ਦੋ ਪਏ ਘੜਿਆਂ ਦੇ ਚੱਪਣ ਚੁੱਕ ਕੇ ਵੇਖੇ। ਉਸਦੀ ਟਾਰਚ ਘੁੰਮਦੀ ਘੁੰਮਦੀ ਹੰਭ ਗਈ। ਪਰ ਉਹ ਕਿਧਰੇ ਨਹੀਂ ਸੀ, ਜਿਸਦੀ ਤਲਾਸ਼ ਵਿਚ ਉਹ ਆਏ ਸਨ।

"ਉਹ ਕਿਥੇ ਗਿਆ ਉਏ ਤੇਰੀ ਭੈਣ ਦਾ..." ਹਵਾਲਦਾਰ ਦੀ ਨਮੋਸ਼ੀ ਗੁੱਸੇ ਵਿਚ ਕੰਬੀ ਤੇ ਉਸ ਨਾਥੀ ਦੇ ਮੂੰਹ ਤੇ ਜ਼ੋਰ ਦਾ ਘਸੁੰਨ ਮਾਰਿਆ।

ਨਾਥੀ ਦੇ ਇਕਵਾਰਗੀ ਤੇ ਪੈਰ ਉਖੜ ਗਏ।

"ਮਾਪਿਉ! ਏਥੇ ਕੋਈ ਨੀ ਆਇਆ।" ਉਹ ਸੰਭਲਦਿਆਂ ਜਿਵੇਂ ਰੋ ਹੀ ਪਿਆ।

ਉਹਦੀ ਪੈੜ ਤਾਂ ਤੇਰੀ ਕੰਧ ਤਕ ਆਈ ਐ ਉਏ?" ਹਵਾਲਦਾਰ ਫੇਰ ਘੁਰਕਿਆ।

"ਆਈ ਹੋਊ ਜੀ, ਪਰ ਏਥੇ ਕੋਈ ਨੀ ਆਇਆ।" ਨਾਥੀ ਦੇ ਬੋਲ ਤੇ ਸਰੀਰ ਇਕ ਸਾਥ ਫੇਰ ਕੰਬੇ।

"ਸਾਲਾ ਝੂਠਾ ਕਿਤੋਂ ਦਾ! ਦਸ ਕਿਧਰ ਭਜਾਇਐ?" ਹਵਾਲਦਾਰ ਉਸ ਵਲ ਵਧਿਆ।

"ਜੀ ਬਚਿਆਂ ਆਲਿਉ, ਏਥੇ ਤਾਂ ... "

ਇਸ ਤੋਂ ਪਹਿਲਾਂ ਕਿ ਨਾਥੀ ਆਪਣੀ ਗੱਲ ਪੂਰੀ

ਕਰਦਾ, ਹਵਾਲਦਾਰ ਨੇ ਉਸਨੂੰ ਗਿੱਚੀਉਂ ਫੜ ਕੇ ਵਿਹੜੇ ਵਿਚ ਪਟਕਾ ਮਾਰਿਆ ਤੇ ਸਿਪਾਹੀਆਂ ਨੂੰ ਉਸਦਾ 'ਘੂਰ ਕੱਢਣ ਲਈ' ਕਿਹਾ।

ਚਹੁੰ ਸਿਪਾਹੀਆਂ ਨੇ ਨਾਥੀ ਨੂੰ ਬੱਕਰੇ ਵਾਂਗ ਢਾ ਲਿਆ। ਉਹ ਉੱਚੀ ਉੱਚੀ ਚੀਕਾਂ ਮਾਰ ਰਿਹਾ ਸੀ ਤੇ ਨਾਲ ਦੀ ਨਾਲ 'ਮੈਨੂੰ ਨੀ ਪਤਾ, ਮੈਨੂੰ ਨੀ ਪਤਾ' ਕਹੀ ਜਾ ਰਿਹਾ ਸੀ।

"ਜੇ ਇਹ ਮਰ ਗਿਆ, ਮੈਂ ਕਿੱਧਰ ਜਾਊਂ ਜੀ!" ਅੰਦਰ ਭਾਗੋ ਕੂਕ ਰਹੀ ਸੀ।

ਤੇ ਹਵਾਲਦਾਰ ਚੁਗਾਠ ਨਾਲ ਢੋ ਲਾਈ ਖੜਾ ਸੋਚ ਰਿਹਾ ਸੀ ਕਿ ਉਹਨਾਂ ਕਿਧਰੇ ਕੋਈ ਛਲੇਡਾ ਤਾਂ ਨਹੀਂ ਵੇਖਿਆ ਸੀ।

---

ਹਿੰਦੀ ਕਹਾਣੀ—

# ਖੁੱਲ੍ਹੇ ਜੰਗਲੇ ਦਾ ਸ਼ੇਰ

ਬੀਰ ਰਾਜਾ

o

ਸਿਰਫ਼ ਇਕ ਝਾਤੀ ਮਾਰ ਕੇ ਹੀ ਉਹ ਕਮਰੇ 'ਚ ਬਿਨਾਂ ਪੁਛੇ ਆ ਗਿਆ। ਝੁੰਜੇ ਕਾਲੀਨ ਤੇ ਬੈਠਦਿਆਂ ਹੀ ਆਪਣੇ ਅੰਦਰ ਕਿਤੇ ਗੁਆਚ ਗਿਆ। ਇਕ ਨਾਵਾਕਿਫ਼ ਅਜਨਬੀ ਆਦਮੀ ਦਾ ਇੰਜ ਕਮਰੇ 'ਚ ਆਉਣਾ ਮੈਨੂੰ ਚੰਗਾ ਨਾ ਲੱਗਾ। ਹੁਣੇ ਖਿੜਕੀ ਚੋਂ ਉਸਨੂੰ ਸੜਕ ਤੇ ਦੇਖ ਕੇ ਜੋ ਬੇਚੈਨੀ ਮਨ 'ਚ ਪੈਦਾ ਹੋਈ ਸੀ, ਉਹ ਵੀ ਬੁਝ ਗਈ। ਉਹ ਏਨੀ ਜਲਦੀ ਅਤੇ ਅਚਾਨਕ ਕਮਰੇ 'ਚ ਵੜਿਆ ਸੀ ਕਿ ਮੈਨੂੰ ਕੁਝ ਸਮਝਣ ਦਾ ਮੌਕਾ ਹੀ ਨਾ ਮਿਲਿਆ।

ਮਿੱਟੀ ਨਾਲ ਲਿੱਬੜੇ ਇਗੜ-ਦੁਗੜੇ ਢਿੱਲੇ ਕਪੜੇ। ਮਰੀਅਲ ਬੇ-ਜਾਨ ਜਿਸਮ। ਬੰਦ ਮਿਚੀਆਂ ਅੱਖਾਂ। ਉਸਨੂੰ ਏਨਾ ਵੀ ਅਹਿਸਾਸ ਨਹੀਂ ਸੀ ਕਿ ਮੈਂ ਵੀ ਕਮਰੇ 'ਚ ਉਸਦੇ ਸਾਹਮਣੇ ਬੈਠਾ ਹਾਂ। ਗੁਆਂਢੀ ਵਕੀਲ ਸਾਹਬ ਦੇ ਜਿੰਦਾ ਲੱਗਿਆ ਸੀ। ਉਹ ਉਧਰੋਂ ਹੀ ਹੋ ਕੇ ਇਧਰ ਆਇਆ ਸੀ।

'ਸਿਗਰੇਟ ਮਿਲ ਸਕਦੀ ਹੈ ?' ਉਸਨੇ ਮੇਰੇ ਵੱਲ ਦੇਖੇ ਬਿਨਾਂ ਪੁਛਿਆ। ਮੈਂ ਡੱਬੀ ਤੇ ਮਾਚਿਸ ਉਹਦੇ ਸਾਹਮਣੇ ਸੁੱਟ ਦਿਤੀ। ਉਹ ਤੀਲੀ ਬਾਲ ਕੇ ਬਲਦੀ ਲੋਅ ਵਲ ਵੇਂਹਦਾ ਰਿਹਾ। ਤੀਲੀ ਜਦੋਂ ਬੁਝ ਗਈ ਤਾਂ ਜ਼ਹਿਰੀਲੀ ਹਾਸੀ ਉਹਦੇ ਚੇਹਰੇ ਤੇ ਫੈਲ ਗਈ।

'ਤੁਸੀਂ ਮੈਨੂੰ ਪਛਾਣਿਆਂ ਨਹੀਂ ? ਪਛਾਣ ਵੀ ਕਿਵੇਂ ਸਕਦੇ ਹੋ ! ਮੈਂ ਵੀ ਤਾਂ ਹੁਣ ਖੁਦ ਨੂੰ ਨਹੀਂ ਪਛਾਣ ਸਕਦਾ ! ਮੈਂ ਵੀ ਤਾਂ ਹੁਣ ਖੁਦ ਨੂੰ ਨਹੀਂ ਪਛਾਣ ਸਕਦਾ। ਕੋਈ ਨਹੀਂ ਕਹਿ ਸਕਦਾ, ਮੈਂ ਉਹੀ ਹਾਂ ਜੋ ਉਨੀਂ ਦਿਨੀਂ ਸੀ, ਉਹ ਫਿਰ ਆਪਣੀ ਦੁਨੀਆਂ 'ਚ ਗੁਆਚ ਗਿਆ ਅਤੇ ਹੱਸ ਪਿਆ। ਸਮਝ ਵਿਚ ਨਾ ਆਇਆ ਕਿ ਉਹ ਕਿਉਂ ਹੱਸਿਆ ? ਕੀ ਉਹ ਆਪਣੀ ਪਛਾਣ ਚਾਹੁੰਦਾ ਹੈ ਜਾਂ ਇਸ ਕੁੜੱਤਣ 'ਚ ਕੋਈ ਦੂਜਾ ਜ਼ਹਿਰ ਹੈ, ਜਿਸਦਾ ਤੁਅੱਲਕ ਉਸੇ ਦੇ ਦਰਦ ਨਾਲ ਹੈ ਜਾਂ ਮੈਂ ਉਹਨੂੰ ਪਛਾਣ ਨਹੀਂ ਸਕਿਆ ...

ਕੀ ਕਿਸੇ ਦੀ ਸ਼ਕਲ ਏਨੀ ਭਿਅੰਕਰ ਅਤੇ ਆਪਣੇ ਅੰਦਰ ਏਨੀ ਡਰੀ ਵੀ ਹੋ ਸਕਦੀ ਹੈ, ਜਿੰਨੀ ਏਸ ਵਿਅਕਤੀ ਦੀ ਹੈ ? ਮੈਂ ਇਸ ਤਰ੍ਹਾਂ ਦੀਆਂ ਗੱਲਾਂ ਸੋਚਣ ਲੱਗਾ।

ਉਹਦਾ ਪੂਰਾ ਵਿਅੱਕਤਤਵ ਡਰਾਉਣ ਅਤੇ ਤਰੱਭਕਣ ਵਾਲਾ ਸੀ। ਪੂਰੇ ਜਿਸਮ ਤੇ ਫੈਲੀਆਂ ਝੁਰੜੀਆਂ ਨੇ ਉਸਨੂੰ ਸਹਿਜ ਆਦਮੀ ਨਾਲੋਂ ਅੱਡ ਕਰ ਦਿਤਾ ਸੀ। ਉਭਰੀਆਂ ਨੀਲੀਆਂ ਨਾੜਾਂ ਦਾ ਜਾਲ ਮੂੰਹ 'ਚ ਕੁੜੱਤਣ ਭਰ ਰਿਹਾ ਸੀ। ਝੁਕਿਆ ਚੇਹਰਾ ਜਿਸਨੂੰ ਢਿੱਲੇ ਲਮਕਦੇ ਮਾਸ ਨੇ ਖੌਫ਼ਨਾਕ ਬਣਾ ਦਿਤਾ ਸੀ ਅਤੇ ਅੱਖਾਂ ਨੂੰ ਬਿਲਕੁਲ ਢੱਕ ਜਿਹਾ ਦਿਤਾ ਸੀ। ਉਹਦੇ ਪੂਰੇ ਵਜੂਦ ਤੇ ਕੋਈ ਤਹਿਆਂ ਅਜੇਹੀਆਂ ਸਨ ਜੋ ਮੈਨੂੰ ਬੇਚੈਨ ਅਤੇ ਅਸੁਰੱਖਿਤ ਮਹਿਸੂਸ ਕਰਨ ਲਈ ਮਜਬੂਰ ਕਰ ਰਹੀਆਂ ਸਨ।

'ਮੇਰਾ ਨਾਂ ਹਿੰਮਤ ਰਾਏ ਹੈ, "ਉਹਨੇ ਮੇਰੇ ਵੱਲ ਦੇਖਿਆ," ਪਰ ਤੁਹਾਡੀ ਸ਼ਕਲ 'ਚ ਕੋਈ ਫਰਕ ਨਹੀਂ ਪਿਆ, "ਜਿਵੇਂ ਉਹ ਪੁਛਣਾ ਚਾਹੁੰਦਾ ਹੋਵੇ ਕਿ ਮੇਰੀ ਸ਼ਕਲ 'ਚ ਕਿਉਂ ਫਰਕ ਨਹੀਂ ਪਿਆ।

ਏਹ ਵਿਸ਼ਵਾਸ ਕਰਨਾ ਮੁਸ਼ਕਿਲ ਸੀ ਕਿ ਇਹ ਉਹੀ ਵਿਅਕਤੀ ਹੈ ਜਿਸਨੂੰ ਮੈਂ ਪੱਚੀ ਸਾਲ ਪਹਿਲਾਂ ਵਕੀਲ ਦੇ ਏਸੇ ਘਰ 'ਚ ਦੇਖਿਆ ਸੀ। ਮੈਂ ਉਸਨੂੰ ਦੇਖਦਾ ਹੀ ਰਹਿ ਗਿਆ। ਜਾਪਿਆ, ਕਿਸੇ ਨੇ ਉਹ ਦਹਿਕਦੀ ਸੁਆਹ ਮੇਰੇ ਤੇ ਸੁੱਟ ਦਿਤੀ ਹੋਵੇ, ਜਿਸ 'ਚ ਝੁਲਸ ਕੇ ਉਹ ਆਪਣੀ ਪਛਾਣ ਗੁਆ ਚੁਕਿਆ।

'ਤੁਸੀਂ ਹਿੰਮਤ ਰਾਏ ਹੋ ?' ਨਹੀਂ ਮੈਨੂੰ ਇਸ ਤਰ੍ਹਾਂ ਉਸ ਤੋਂ ਨਹੀਂ ਪੁਛਣਾ ਚਾਹੀਦਾ ਸੀ। ਉਹ ਤਾਂ ਇਕ ਤਰ੍ਹਾਂ ਉਹਦੀ ਬੇਇਜ਼ਤੀ ਹੀ ਹੋਈ। ਕੀ ਏਹਦੀ ਲੜਾਈ ਦਾ ਅੰਤ ਏਹ ਹੋਇਆ ਹੈ ?

ਉਹ ਪਾਕਿਸਤਾਨ ਤੋਂ ਆਇਆ ਸੀ, ਵੰਡ ਵੇਲੇ।

ਕਲੇਮ 'ਚ ਉਸਨੂੰ ਬੜੀ ਜ਼ਮੀਨ ਮਿਲੀ ਸੀ ਜਿਸ ਤੇ ਕੁਝ ਲੋਕਾਂ ਨੇ ਜ਼ਬਰਦਸਤੀ ਨਾਜਾਇਜ਼ ਕਬਜ਼ਾ ਕਰ ਲਿਆ ਸੀ। ਉਸਨੂੰ ਉਸ ਜ਼ਮੀਨ 'ਚੋਂ ਕੁੱਟ ਕੇ ਭਜਾ ਦਿਤਾ ਸੀ। ਉਨ੍ਹਾਂ ਦੀ ਪਹੁੰਚ ਅਤੇ ਰਸੂਖ ਸੀ। ਨਕਲੀ ਦਸਤਾਵੇਜ਼ ਬਣਾ ਕਰ ਕਿਹਾ ਸੀ ਕਿ ਜ਼ਮੀਨ ਤਾਂ ਉਹ ਮੁਸਲਿਮ ਪਰੀਵਾਰ ਪਾਕਿਸਤਾਨ ਜਾਣ ਤੋਂ ਪਹਿਲਾਂ ਹੀ ਉਨ੍ਹਾਂ ਕੋਲ ਗਹਿਣੇ ਰੱਖ ਗਿਆ ਸੀ।

ਤਾਂ ਵਕੀਲ ਸਾਹਿਬ ਦੀ ਪਰਸੰਸਾ ਸੁਣ ਕੇ ਆਇਆ ਸੀ ਉਹ ਕਿਧਰੋਂ। ਉਸ ਵੇਲੇ ਉਹ ਸੁੰਦਰ ਅਤੇ ਗੁੰਦਵੇਂ ਸਰੀਰ ਵਾਲਾ ਲੜਾਕਾ ਨੌਜਵਾਨ ਸੀ, ਜਿਸ 'ਚ ਹਾਲਾਤ ਨਾਲ ਟੱਕਰ ਲੈਣ ਦੀ ਅਦਭੁਤ ਸ਼ਕਤੀ ਸੀ। ਖੋਹੀ ਹੋਈ ਜ਼ਮੀਨ ਵਾਪਸ ਲੈਣ ਦੀ ਅੱਗ ਬਲ ਰਹੀ ਸੀ, ਉਸ ਵਿਚ। ਉਹਦੇ ਪਰੀਵਾਰ ਦੇ ਸਭ ਲੋਕ ਓਧਰ ਦੰਗਿਆਂ ਵਿਚ ਮਰ ਗਏ ਸਨ। ਉਹਦੇ ਨਾਲ ਉਹਦੀ ਪਤਨੀ ਅਤੇ ਦੋ ਛੋਟੇ ਬੱਚੇ ਸਨ। ਸਵਤੰਤਰ ਅਤੇ ਭਾਰਤ।

ਪੂਰਾ ਵੇਰਵਾ ਸੁਣ ਕੇ ਜਦੋਂ ਵਕੀਲ ਸਾਹਿਬ ਨੇ ਕਿਹਾ ਸੀ ਕਿ ਮੈਂ ਤੇਰਾ ਕੇਸ ਲੜੂੰਗਾ ਤਾਂ ਉਹਨੇ ਬੜੇ ਹੌਸਲੇ ਨਾਲ ਕਿਹਾ ਸੀ ਕਿ ਕਾਇਰਾਂ ਵਾਂਗੂ ਝੁਕ ਕੇ ਆਪਣਾ ਹੱਕ ਛੱਡ ਦੇਣਾ ਮੈਨੂੰ ਵੀ ਪਸੰਦ ਨਹੀਂ ਅਤੇ ਨਾ ਹੀ ਗੁੰਡਿਆਂ ਤੋਂ ਦਬਣਾ ਮੇਰੀ ਆਦਤ ਹੈ ... ਪਰ ਮੇਰੇ ਕੋਲ ਪੈਸਾ ਬਿਲਕੁਲ ਨਹੀਂ।

'ਮੈਂ ਤੇਰਾ ਕੇਸ ਬਿਨਾਂ ਫੀਸ ਲਈ ਲੜੂੰਗਾ, ਜੋ ਉਪਰੋਂ ਦੂਜਾ ਖਰਚ ਹੋਏਗਾ, ਉਹ ਵੀ ਕਰੂੰਗਾ, ਉਹ ਉਹਦੀਆਂ ਗੱਲਾਂ ਤੋਂ ਬਹੁਤ ਪ੍ਰਭਾਵਿਤ ਹੋ ਚੁੱਕੇ ਸਨ ਅਤੇ ਨਾਲ ਨਾਲ ਪੁਰਾਣੀਆਂ ਨਕਲਾਂ ਨੂੰ ਢੂੰਡਣ ਦੀਆਂ ਤਰਕੀਬਾਂ ਦਸੀ ਜਾ ਰਹੇ ਸਨ। ਉਹ ਆਪਣੇ ਦੋਹਾਂ ਹੱਥਾਂ ਨਾਲ ਉਸਦਾ ਹੱਥ ਦਬਾਉਂਦਾ ਜਾ ਰਿਹਾ ਸੀ ਅਤੇ ਖੁਸ਼ੀ ਨਾਲ ਉਹਦੀਆਂ ਅੱਖਾਂ ਗਿੱਲੀਆਂ ਹੋ ਗਈਆਂ ਸਨ।

'ਮੈਂ ਉਨ੍ਹਾਂ ਨਾਲ ਲੜੂੰਗਾ, ਜੋ ਚਾਹੀਦੈ ਲੱਭ ਕੇ ਲਿਆਵਾਂਗਾ, ਹੁਣ ਮੈਨੂੰ ਕੋਈ ਪ੍ਰੇਸ਼ਾਨੀ ਨਹੀਂ। ਫਿਰ ਏਸ ਜ਼ਮੀਨ ਬਿਨਾਂ ਸਾਡੇ ਕੋਲ ਤਾਂ ਹੁਣ ਪਹਿਨਣ-ਖਾਣ ਨੂੰ ਵੀ ਕੁਝ ਨਹੀਂ। ਉਸਦੀਆਂ ਅਜੇਹੀਆਂ ਗੱਲਾਂ ਸੁਣ ਕੇ ਉਸ ਦਿਨ ਵਕੀਲ ਸਾਹਿਬ ਨੇ ਕਿਹਾ ਸੀ ਕਿ ਅਜੇਹੇ ਲੋਕ ਅਕਸਰ ਝੂਠੀ ਸ਼ਾਨ ਵਾਸਤੇ ਕਿਸੇ ਨੂੰ ਏਹ ਨਹੀਂ ਦਸਦੇ ਕਿ ਉਹ ਗਰੀਬ ਹਨ। ਉਹ ਇਸੇ ਖੁਲ੍ਹੇਪਣ ਖਾਤਰ ਖਿੱਚੇ ਸਨ, ਉਹਦੇ ਵੱਲ।

ਉਸ ਮਗਰੋਂ ਮੈਂ ਉਸਨੂੰ ਕਈ ਵੇਰ ਦੇਖਿਆ। ਹਾਲਾਤ ਅਤੇ ਕਚਹਿਰੀ ਨਾਲ ਲੜਦਾ ਹੋਇਆ ਹਮੇਸ਼ਾਂ ਭੱਜ ਨੱਠ 'ਚ ਉਲਝਿਆ ਰਹਿੰਦਾ। ਫਿਰ ਉਨ੍ਹੀਂ ਦਿਨੀਂ ਵਕੀਲ ਸਾਹਿਬ ਆਪਣਾ ਦਫਤਰ ਘਰੋਂ ਬਾਹਰ ਲੈ ਗਏ। ਉਦੋਂ ਤੋਂ ਉਹਦਾ ਦਿਖਾਈ ਦੇਣਾ ਬੰਦ ਹੋ ਗਿਆ। ਪਰ ਵਕੀਲ ਸਾਹਿਬ ਕਦੀ ਨ ਕਦੀ ਉਹਦੇ ਮੁਕੱਦਮੇ ਦੀਆਂ ਗੱਲਾਂ ਲੈ ਬਹਿੰਦੇ। ਦਸਦੇ ਕਿ ਉਹ ਕਾਨੂੰਨੀ ਗੋਰਖ ਧੰਦਿਆਂ ਵਿਚ ਚੁਸਤ ਹੋ ਚੁਕਿਆ ਹੈ। ਉਹੀ ਜਿਤੇਗਾ। ਅੰਤ 'ਚ ਕਹਿੰਦੇ ਕਿ ਮੈਂ ਉਸਨੂੰ ਕਦੀ ਆਪਣਾ ਮੁਵਕਿੱਲ ਨਹੀਂ ਸਮਝਿਆ। ਅਜੇਹੇ ਦਲੇਰ ਆਦਮੀ ਬਹੁਤ ਘੱਟ ਮਿਲਦੇ ਹਨ।

"ਇਕ ਕੱਪ ਚਾਹ ਮਿਲੂਗੀ ?" ਉਹਨੇ ਆਪਣੀਆਂ ਖੂਹ ਵਰਗੀਆਂ ਅੱਖਾਂ ਨਾਲ ਮੈਨੂੰ ਦੇਖਿਆ ਜੋ ਉਸ ਵਕਤ ਅੰਦਰ ਏਨੀਆਂ ਧਸ ਚੁੱਕੀਆਂ ਸਨ ਕਿ ਜੇ ਉਨ੍ਹਾਂ ਦਾ ਰੰਗ ਇਕ ਦਮ ਲਾਲ ਨਾ ਹੁੰਦਾ ਤਾਂ ਸ਼ਾਇਦ ਦਿਖਾਈ ਵੀ ਨਾ ਦਿੰਦੀਆਂ।

ਉਸ ਨੇ ਚਾਹ ਦੋ ਘੁੱਟਾਂ ਵਿਚ ਖਤਮ ਕਰ ਦਿਤੀ, ਜਿਸ ਤਰ੍ਹਾਂ ਮਾਸਿਕ ਰੋਗੀ ਗਟਾਗਟ ਪੀ ਜਾਂਦੇ ਨੇ। ਮੈਂ ਉਸ ਲਈ ਦੂਜਾ ਪਿਆਲਾ ਲੈ ਆਇਆ। ਉਹ ਉਸ ਨੂੰ ਵੀ ਉਸੇ ਤਰ੍ਹਾਂ ਪੀ ਗਿਆ।

"ਇਸ ਨਾਜ਼ੁਕ ਵੇਲੇ ਵੀ ਮੈਨੂੰ ਭੁੱਖ ਪਿਆਸ ਲੱਗ ਰਹੀ ਹੈ। ਅਜੀਬ ਹੈ, ਬੜਾ ਅਜੀਬ !" ਉਹਦੀ ਗੱਲ ਵਿਚ ਤੇਜ਼ਾਬ ਸੀ ਅਤੇ ਅੱਖਾਂ ਗਿੱਲੀਆਂ, "ਮੈਨੂੰ ਭੁੱਖ ਨਹੀਂ ਲਗਣੀ ਚਾਹੀਦੀ।"

ਉਸ ਨੂੰ ਇਸ ਹਾਲਤ ਵਿਚ ਦੇਖਕੇ ਮੈਨੂੰ ਉਹ ਦਿਨ ਯਾਦ ਆ ਗਏ, ਜਦੋਂ ਮੇਰੀ ਮਾਂ ਦੀ ਮੌਤ ਹੋਈ ਸੀ ਅਤੇ ਮੈਨੂੰ ਬਰਾਬਰ ਸਾਰਾ ਦਿਨ ਭੁੱਖ ਲੱਗਿਆ ਕਰਦੀ ਸੀ। ਸਭ ਤੋਂ ਬਚਣ ਲਈ ਏਧਰ ਓਧਰ ਘੁੰਮਦਾ ਰਹਿੰਦਾ। ਕੀ ਏਹ ਵੀ ਕਿਸੇ ਇਜੇਹੀ ਮਨ : ਸਥਿਤੀ ਵਿਚ ਹੈ ?

"ਹੱਦ ਹੋ ਚੁੱਕੀ ਹੈ। ਹੁਣ ਤੂੰ ਪੇਸ਼ੀ ਤੇ ਆਉਣਾ ਵੀ ਛੱਡ ਦਿਤਾ ਹੈ, ਏਹੀ ਹਾਲਤ ਰਹੀ ਤਾਂ ਖਤਮ ਹੋ ਜਾਓਗੇ, ਇਸ ਵੇਰ ਤਾਂ ਸਿਰਫ ਉਨ੍ਹਾਂ ਦਾ ਬਿਆਨ-ਤਹਿਰੀਰੀ ਸੀ", ਵਕੀਲ ਸਾਹਬ ਉਸ ਨੂੰ ਦੇਖਦਿਆਂ ਹੀ ਉਬਲ ਪਏ ਅਤੇ ਮੇਰੀ ਸੋਚ ਦਾ ਤਾਣਾ ਬਾਣਾ ਵਿਚਕਾਰੋਂ ਹੀ ਟੁੱਟ ਗਿਆ।

ਕੁਝ ਮਹੀਨੇ ਪਹਿਲਾਂ ਉਸ ਨੂੰ ਜ਼ਮੀਨ ਦਾ ਕਬਜ਼ਾ ਮਿਲ ਚੁਕਿਆ ਸੀ। ਪਰੰਤੂ ਦੋਨੋਂ ਸਾਲਾਂ ਮਗਰੋਂ ਜਿਤਿਆ ਹੋਇਆ ਮੁਕੱਦਮਾ ਉਹ ਫਿਰ ਹਾਰ ਗਿਆ। ਜਿਉਂ ਹੀ ਸਰਕਾਰੀ ਆਦਮੀ ਕਬਜ਼ਾ ਦਿਵਾਕੇ ਗਏ, ਦੂਜੇ ਫਰੀਕ ਨੇ ਉਸ ਨੂੰ ਮਾਰ ਕੁੱਟ ਕੇ ਫਿਰ ਜ਼ਮੀਨ ਤੇ ਕਬਜ਼ਾ ਕਰ ਲਿਆ।

"ਤੇਰੀ ਸ਼ਕਲ ਨੂੰ ਕੀ ਹੋਇਐ ?" ਵਕੀਲ ਸਾਹਬ ਉਹਦੇ ਚੇਹਰੇ ਨੂੰ ਦੇਖਦੇ ਹੀ ਚੌਂਕ ਉਠੇ। ਉਹਨਾਂ ਦੀ ਸਮਝ ਵਿਚ ਨਹੀਂ ਸੀ ਆ ਰਿਹਾ ਕਿ ਉਹਦੀ ਸੂਰਤ ਪਿਛਲੇ ਕੁਝ ਦਿਨਾਂ 'ਚ ਡਰਾਉਣੀ ਕਿਵੇਂ ਹੋ ਗਈ। ਉਨ੍ਹਾਂ ਦੀ ਉਤੇਜਨਾ ਨਾਲ ਭਰੀ ਆਵਾਜ਼ ਕੋਮਲ ਹੋ ਗਈ।

'ਮੈਂ ਤੁਹਾਥੋਂ ਕੁਝ ਪੈਸੇ ਲੈਣ ਆਇਆ ਹਾਂ, ਤੇ ਬੜੀ

ਕਾਹਲੀ 'ਚ ਹਾਂ, ਠਹਿਰ ਨਹੀਂ ਸਕਦਾ', ਉਹਨੇ ਉਹਨਾਂ ਦੀਆਂ ਗੱਲਾਂ ਅਣਸੁਣੀਆਂ ਕਰਦਿਆਂ ਕਿਹਾ ।

'ਤੇਰੀਆਂ ਆਦਤਾਂ ਹੁਣ ਠੀਕ ਨਹੀਂ ਰਹੀਆਂ, ਸਭ ਬੋਤਲ 'ਚ ਉਡਾ ਦੇਵੇਂਗਾ', ਲਾ-ਪਰਵਾਹੀ ਤੇ ਪੀਣ ਦੀ ਆਦਤ ਤੇ ਉਸ ਨੂੰ ਡਾਂਟਦਿਆਂ ਕਿਹਾ ਕਿ ਜੇ ਉਨ੍ਹਾਂ ਨੇ ਫਿਰ ਜ਼ਮੀਨ ਖੋਹ ਲਈ ਹੈ ਤਾਂ ਕੀ ਮੈਂ ਵੀ ਮਰ ਗਿਆ ਹਾਂ ? ਅਸੀਂ ਜਿੱਤਾਂਗੇ । ਪਰ ਅਦਾਲਤਾਂ ਤਾਂ ਆਪਣੇ ਹਿਸਾਬ ਨਾਲ ਚਲਦੀਆਂ ਹਨ, ਉਹਨਾਂ ਨੂੰ ਤਾਂ ਮੈਂ ਨਹੀਂ ਬਦਲ ਸਕਦਾ । ਥੋਹੜਾ ਸਬਰ ਹੋਰ ਕਰ ।

o

ਉਸ ਨੂੰ ਸਮਝਾਉਂਦਿਆਂ ਉਹਦੇ ਉਸ ਦਰਦ ਨੂੰ ਵੀ ਉਹ ਮਹਿਸੂਸ ਕਰ ਰਹੇ ਸਨ ਜਿਸ ਨੇ ਉਹਨੂੰ ਛਿੱਲ ਕੇ ਏਨਾ ਥੱਲੇ ਸੁੱਟ ਦਿਤਾ ਸੀ । ਦੱਸਣ ਲੱਗੇ ਕਿ ਏਹਨੀਂ ਦਿਨੀਂ ਜੋ ਪੈਸੇ ਉਨ੍ਹਾਂ ਤੋਂ ਲੈਕੇ ਗਿਆ, ਸਭ ਉਹਨੇ ਉਡਾ ਦਿਤੇ । ਕਹਿਣ ਲੱਗੇ ਕਿ ਇਸ ਵਿਚ ਏਹਦਾ ਕੀ ਕਸੂਰ ! ਜਿਸ ਮਾਨਸਿਕਤਾ ਅਤੇ ਮਨਸਥਿਤੀ ਵਿਚ ਆਦਮੀ ਆਪਣੇ ਹੱਕ ਲਈ ਲੜਦਾ ਹੈ, ਨਿਆਂ ਵਿਚ ਦੇਰੀ ਕਾਰਨ ਬਣੀ ਵਿੱਥ ਨਾਲ ਉਹਦੀ ਉਹ ਸਾਰੀ ਮਾਨਸਿਕਤਾ ਹੀ ਖਤਮ ਹੋ ਜਾਂਦੀ ਹੈ । ਉਥੋਂ ਹੀ ਉਹਦੀ ਇਕ ਦੂਜੀ ਲੜਾਈ ਸ਼ੁਰੂ ਹੋ ਜਾਂਦੀ ਹੈ, ਆਪਣੇ ਨਾਸ ਦੀ । ਸਭ ਕੁਝ ਛੱਡਣ ਅਤੇ ਨਾ ਲੜਨ ਦੀ । ਮੈਂ ਆਪਣੇ ਮੁਵਕਿਲੋਂ ਨੂੰ ਅਦਾਲਤ ਵਿਚ ਸੌਂਦੇ ਅਤੇ ਊਂਘਦਿਆਂ ਦੇਖਿਆ ਹੈ...... ਕਾਨੂੰਨੀ ਲੜਾਈ ਜਾਦੂ ਵਾਂਗ ਹੈ । ਆਦਮੀ ਆਪਣੀ ਹੀ ਲੜਾਈ ਨਾਲ ਏਨਾ ਟੁੱਟ ਜਾਂਦਾ ਹੈ, ਉਹਨੂੰ ਮਹਿਸੂਸ ਹੀ ਨਹੀਂ ਹੁੰਦਾ ਕਿ ਉਹ ਗੱਲਾਂ ਉਸ ਦੇ ਕੇਸ ਦੀਆਂ ਹੀ ਹਨ, ਜਿਨ੍ਹਾਂ ਨੂੰ ਉਹ ਅਦਾਲਤ ਵਿਚ ਸੁਣਦਾ ਹੈ...... ।

"ਮੈਨੂੰ ਬੋਤਲ ਨਹੀਂ ਚਾਹੀਦੀ, ਸਿਰਫ ਆਖਿਰੀ ਵੇਰ ਮੰਗ ਰਿਹਾ ਹਾਂ, ਜੋ ਘਰੇ ਸੀ, ਉਹ ਤਾਂ ਮਾਤਮ ਪੁਰਸ਼ੀ ਕਰਨ ਵਾਲੇ ਚੱਟ ਕੇ ਮਗਰੋਂ ਚਲਦੇ ਬਣੇਂ, ਤੁਸੀਂ ਨਹੀਂ ਵੀ ਦਿਉਗੇ ਤਾਂ ਬਿਨਾਂ ਪੈਸਿਆਂ ਦੇ ਹੀ ਭੱਜ ਜਾਊਂਗਾ", ਉਸ ਨੇ ਉਹਨਾਂ ਦੀਆਂ ਗੱਲਾਂ ਨੂੰ ਆਪਣੀਆਂ ਗੱਲਾਂ ਨਾਲ ਕੱਟਿਆ । ਪਰੰਤੂ ਓਹਨੇ ਗੱਲਾਂ ਬਹੁਤ ਮਜਬੂਰੀ ਨਾਲ ਕਹੀਆਂ ਸਨ, ਅਕੇਵੇਂ ਨਾਲ ।

'ਕਿਥੇ ਭੱਜ ਰਿਹਾ ਹੈਂ ਤੂੰ?'

'ਤੁਸੀਂ ਸਿਰਫ ਮੈਨੂੰ ਪੈਸੇ ਦੇ ਦਿਓ', ਉਹਨੇ ਉਹਨਾਂ ਦੀ ਗੱਲ ਫਿਰ ਅਣਸੁਣੀ ਕਰ ਦਿਤੀ ।

ਪਰੰਤੂ ਉਹਨਾਂ ਨੇ ਆਪਣੇ ਸਵਾਲ ਨੂੰ ਦੁਹਰਾਇਆ । ਉਹਨੇ ਤੰਗ ਆ ਕੇ ਕਿਹਾ ਕਿ ਸਵਤੰਤਰ ਮਰ ਚੁੱਕਿਆ ਹੈ, ਹੁਣ ਤਾਂ ਤੁਸੀਂ ਪੈਸੇ ਦੇ ਦਿਓ । ਉਹਦੀ ਆਵਾਜ਼ ਪੈਸੇ ਖਾਤਰ, ਬੇਟੇ ਦੀ ਮੌਤ ਦਾ ਇਸਤੇਮਾਲ ਕਰਨ ਵਰਗਾ ਸੀ ।

'ਕੀ ਕਹਿ ਰਿਹਾ ਏ !' ਉਹ ਤੇਜ਼ੀ ਨਾਲ ਉਹਦੇ ਸਾਹਮਣੇ ਖੜੇ ਹੋ ਗਏ, "ਕਿਵੇਂ ਮਰਿਆ ਉਹ ?" ਪਛਤਾਉਂਦੇ ਹੋਏ ਉਸ ਨੂੰ ਪੁਛਦੇ ਰਹੇ ਕਿ ਉਸ ਨੇ ਉਹਨਾਂ ਨੂੰ ਖਬਰ ਕਿਉਂ ਨਹੀਂ ਦਿਤੀ ? ਉਹਨੂੰ ਦੁਖ ਸੀ ਕਿ ਉਸ ਨੂੰ ਹੁਣ ਉਹਨਾਂ ਤੇ ਵੀ ਭਰੋਸਾ ਕਿਉਂ ਨਹੀਂ ਰਿਹਾ ? ਉਹ ਚੁੱਪ ਦੇਖਕੇ ਉਹ ਚੀਕ ਜਹੇ ਪਏ, 'ਦਸਦੇ ਕਿਉਂ ਨਹੀਂ, ਉਹ ਕਿਵੇਂ ਮਰਿਆ ?'

"ਉਹਨਾਂ ਨੇ ਉਹਨੂੰ ਮਾਰ ਦਿਤਾ ।"

'ਉਹਨਾਂ ਨੇ ਕਿਉਂ ਮਾਰਿਆ ?" ਉਹ ਸਕਤੇ ਜਹੇ 'ਚ ਆ ਕੇ ਉਹਨੂੰ ਦੇਖਣ ਲੱਗੇ ।

'ਚਿੜੀਆ ਘਰ 'ਚ ਸ਼ੇਰ ਦੇ ਜੰਗਲੇ 'ਚ ਉਹਦੀ ਲਾਸ਼ ਮਿਲੀ ਸੀ, ਹੁਣ ਤੁਸੀਂ ਪੈਸਾ ਜ਼ਰੂਰ...... ।"

ਉਨ੍ਹਾਂ ਨੇ ਪੂਰੀ ਤਾਕਤ ਨਾਲ ਉਸ ਨੂੰ ਝਿੰਜੋੜਿਆ ਅਤੇ ਕਰੋਧ ਨਾਲ ਪੁਛਿਆ ਕਿ ਕੀ ਉਹ ਚਿੜੀਆ ਘਰ ਵਾਲੀ ਲਾਸ਼ ਸਵਤੰਤਰ ਦੀ ਸੀ ? ਕੁਝ ਸੋਚਦੇ ਹੋਏ ਬੁੜਬੁੜਾਉਣ ਲੱਗੇ ਕਿ ਨਿਊਜ਼ ਵਿਚ ਤਾਂ ਲਾਵਾਰਿਸ ਲਾਸ਼ ਲਿਖੀ ਸੀ, ਜੀਹਦੀ ਕੋਈ ਸ਼ਨਾਖਤ ਵੀ ਨਹੀਂ ਹੋਈ ਸੀ ।

"ਕੀ ਉਹ ਲਾਸ਼ ਤੁਹਾਡੇ ਬੇਟੇ ਦੀ ਸੀ ? ਤੁਸੀਂ ਤਾਂ ਉਥੇ ਨਹੀਂ ਸੀ ਉਸ ਦਿਨ", ਮੇਰੀ ਗੱਲ ਤੇ ਉਸ ਨੇ ਅੱਖ ਚੁੱਕ ਕੇ ਵੀ ਨਹੀਂ ਦੇਖਿਆ ।

ਮੈਂ ਉਥੇ ਹੀ ਸੀ ਉਸ ਦਿਨ । ਸ਼ੇਰ ਦੇ ਜੰਗਲੇ ਵਿਚ ਪਾਣੀ ਦੀ ਖਾਲੀ ਅਤੇ ਸ਼ੇਰ ਦੀ ਕੋਠੜੀ ਵਿਚ ਲਾਸ਼ ਮੂਧੀ ਪਈ ਸੀ । ਪਿੱਠ ਤੇ ਸ਼ੇਰ ਦੇ ਪੰਜੇ ਨਿਸ਼ਾਨ ਸਨ । ਉਹ ਉਦੋਂ ਪਏ ਹੋਣਗੇ, ਜਦੋਂ ਸ਼ੇਰ ਨੇ ਲਾਸ਼ ਨੂੰ ਉਲਟਾਇਆ ਹੋਵੇਗਾ । ਬਾਕੀ ਜਿਸਮ ਤੇ ਕਿਸੇ ਹਥਿਆਰ ਦੇ ਤੇਜ਼ ਜ਼ਖ਼ਮ ਸਨ । ਕੋਲ ਹੀ ਉਹਦੀਆਂ ਚਪਲਾਂ ਪਈਆਂ ਸਨ । ਚਬੂਤਰੇ ਤੇ ਬੈਠਾ ਸ਼ੇਰ ਭੀੜ ਨੂੰ ਦੇਖ ਰਿਹਾ ਸੀ । ਉਥੇ ਇਕੱਠੇ ਹੋਏ ਲੋਕ ਗੱਲਾਂ ਕਰ ਰਹੇ ਸਨ ਕਿ ਏਨੇ ਉੱਚੇ ਜੰਗਲੇ ਦੇ ਉਪਰੋਂ ਉਹ ਕਿਵੇਂ ਕੁੱਦਿਆ ! ਪਾਣੀ ਦੀ ਖਾਲੀ ਪਾਰ ਕੀਤੀ ਤਾਂ ਕਪੜੇ ਗਿੱਲੇ ਕਿਉਂ ਨਹੀਂ ਹੋਏ ? ਚਪਲਾਂ ਕਿਵੇਂ ਪਹੁੰਚ ਗਈਆਂ ਉਹਦੇ ਕੋਲ ? ਕੋਈ ਕਹਿ ਰਿਹਾ ਸੀ ਕਿ ਰਾਤ ਨੂੰ ਦੋ ਕਾਰਾਂ ਅੰਦਰ ਆਈਆਂ ਸਨ । ਉਸ ਨੇ ਫਾਟਕ ਖੁਲ੍ਹਦਾ ਦੇਖਿਆ ਸੀ । ਉਸ ਵੇਲੇ ਚਿੜੀਆ ਘਰ ਦੀਆਂ ਸਭ ਬੱਤੀਆਂ ਬੁਝਾ ਦਿਤੀਆਂ ਗਈਆਂ ਸਨ । ਕੁਝ ਹੀ ਚਿਰ ਮਗਰੋਂ ਉਹ ਕਾਰਾਂ ਵਾਪਸ ਬਾਹਰ ਨਿਕਲ ਗਈਆਂ । ਏਹ ਸਾਰਾ ਕੰਮ ਪਿਛਲੇ ਗੇਟ ਰਾਹੀਂ ਹੋਇਆ ਸੀ, ਜੋ ਸਿਰਫ ਵੱਡੇ ਲੋਕਾਂ ਲਈ ਸੀ । ਸਾਰੀ ਪੁਲਸ ਕਾਰਵਾਈ ਮੇਰੇ ਸਾਹਮਣੇ ਹੋਈ ਸੀ ਲੋਥ ਦਾ ਪਰਚਾ ਵੀ ਮੇਰੀ ਮੌਜੂਦਗੀ ਵਿਚ ਬਣਿਆਂ ਸੀ ।

ਦੂਜੇ ਦਿਨ ਦੇ ਅਖਬਾਰਾਂ ਵਿਚ ਇਹ ਖਬਰਾਂ 'ਡੱਬੀਆਂ

ਲਾਕੇ ਪਹਿਲੇ ਸਫ਼ੇ ਤੇ ਛਪੀਆਂ ਸਨ — 'ਪਾਗਲ ਤੇ ਆਦਮਖ਼ੋਰ ਦੀ ਲੜਾਈ', 'ਪਾਗਲ ਨੇ ਸ਼ੇਰ ਨਾਲ ਹੱਥ ਮਿਲਾਇਆ', 'ਪਾਗਲ ਦੀ ਲਲਕਾਰ ਦਾ ਨਤੀਜਾ ।

ਕਾਫ਼ੀ ਹਾਊਸ ਵਿਚ ਹੀ ਹਰ ਮੇਜ਼ ਦੇ ਗਿਰਦ ਮਹਿਫ਼ਲ ਗਰਮ ਸੀ । ਸ਼ੇਰ ਦੀ ਨਸਲ, ਆਦਤਾਂ, ਸੁੰਘਣ ਦੀ ਸ਼ਕਤੀ, ਹਮਲਾ ਕਰਨ ਦੇ ਤਰੀਕਿਆਂ ਤੋਂ ਲੈ ਕੇ ਪਾਗਲਾਂ ਦੇ ਮਨੋਵਿਗਿਆਨ ਤਕ ਦੀ ਪੂਰੀ ਛਾਣਬੀਣ ਕਰਦੇ ਹੱਸ ਰਹੇ ਸਨ। ਕਿਸੇ ਨੇ ਕਿਹਾ ਸੀ ਕਿ ਪਾਗਲ ਨੇ ਪਹਿਲਾਂ ਸ਼ੇਰ ਨੂੰ ਘੂਰਿਆ ਹੋਏਗਾ । 'ਬੇਵਕੂਫ਼-ਉਸ ਵੇਲੇ ਹਨੇਰਾ ਸੀ, ਕਿਸੇ ਨੇ ਹੱਸਦੇ ਹੋਏ ਕਿਹਾ ਸੀ। ਫਿਰ ਉਹਨੇ ਲਲਕਾਰਿਆ ਹੋਏਗਾ ਅਤੇ ਅੱਗੇ ਹੱਥ ਵਧਾਇਆ ਹੋਏਗਾ । ਉਸ ਦਿਨ ਉਹ ਸਾਰੇ ਕਰਾਂਤੀ, ਅਤਿਆਚਾਰ ਅਤੇ ਰਾਜਨੀਤੀ ਦੀਆਂ ਗੱਲਾਂ ਭੁੱਲੇ ਹੋਏ ਸਨ ।

'ਜੇ ਇਕ ਪਾਗਲ ਦੀ ਨਿਊਜ਼ ਏਨੀ ਫਲੈਸ਼ ਨਾ ਕੀਤੀ ਹੁੰਦੀ ਮੈਂ, ਤਾਂ ਤੁਸੀਂ ਏਨਾ ਸੁਆਦ ਕਿੰਜ ਲੈਂਦੇ ?' ਪੱਤਰਕਾਰ ਨੇ ਠਹਾਕਾ ਲਾਇਆ ।

'ਕੀ ਕਿਹਾ, ਉਹ ਪਾਗਲ ਦੀ ਲਾਸ਼ ਸੀ ? ਕੀ ਤੂੰ ਲੋਥ ਦੇਖੀ ਸੀ ? ਉਹ ਤਾਂ ਕਿਸੇ ਸਾਧਾਰਨ ਵਿਅਕਤੀ ਦੀ ਲਾਸ਼ ਸੀ, ਜਿਸੇ ਕਤਲ ਕਰਨ ਮਗਰੋਂ ਹੀ ਉੱਥੇ ਸੁੱਟਿਆ ਗਿਆ ਸੀ, ਮੈਂ ਉਸ ਲੋਥ ਨੂੰ ਖ਼ੁਦ ਦੇਖਿਆ ਸੀ', ਮੈਨੂੰ ਪੱਤਰਕਾਰ ਤੇ ਗੁੱਸਾ ਆ ਗਿਆ ਸੀ । 'ਮੈਂ ਅਜੇਹੀ ਨਿਊਜ਼ ਪੁਲਸ ਸਟੇਸ਼ਨ ਤੋਂ ਹੀ ਲੈਂਦਾ ਹਾਂ, ਪਰ ਤੂੰ ਤਾਂ ਰੰਗ ਹੀ ਖ਼ਰਾਬ ਕਰ ਦਿਤਾ ਅੱਜ ਦਾ !"

ਮੈਨੂੰ ਹੈਰਾਨੀ ਹੋ ਰਹੀ ਸੀ ਕਿ ਇਕ ਮਰੇ ਆਦਮੀ ਦੀ ਖ਼ਬਰ ਵਿਚ ਵੀ ਏਹ ਏਨਾ ਆਨੰਦ ਲੈ ਸਕਦੇ ਨੇ, ਫਿਰ ਮੈਨੂੰ ਯਾਦ ਆਇਆ ਕਿ ਕੁਝ ਮਹੀਨੇ ਪਹਿਲਾਂ ਇਕ ਮੁਟਿਆਰ ਦੀ ਲਾਸ਼ ਬਰਾਮਦ ਹੋਈ ਸੀ, ਤਾਂ ਖ਼ਬਰ ਛਪੀ ਸੀ — "ਇਕ ਸੁੰਦਰੀ ਦਾ ਸ਼ੇਰ ਨਾਲ ਰੁਮਾਂਸ ।"

ਜਦੋਂ ਵਕੀਲ ਸਾਹਿਬ ਨੇ ਏਹ ਸੁਣਿਆਂ ਕਿ ਮੈਂ ਲਾਸ਼ ਦੇਖੀ ਸੀ ਤਾਂ ਉਨ੍ਹਾਂ ਨੇ ਸਭ ਗੱਲਾਂ ਵਿਸਥਾਰ ਨਾਲ ਪੁੱਛੀਆਂ । ਸ਼ੇਰ ਅਤੇ ਲੋਥ ਦੇ ਦਰਮਿਆਨ ਦੀ ਵਿੱਥ, ਲੋਥ ਅਤੇ ਪਾਣੀ ਦੀ ਖਾਲੀ ਦੇ ਵਿਚਕਾਰ ਦੀ ਦੂਰੀ । ਕੁਝ ਹੋਰ ਗੱਲਾਂ ਪੁਛਣ ਮਗਰੋਂ ਇਕ ਵੱਡੇ ਕਾਗਜ਼ ਤੇ ਸ਼ੇਰ ਦੇ ਜੰਗਲੇ ਦਾ ਨਕਸ਼ਾ ਮੈਥੋਂ ਬਣਵਾ ਕੇ ਸਾਰੀਆਂ ਗੱਲਾਂ ਉਸ ਵਿਚ ਲਿਖ ਲਈਆਂ ।

ਆਪਣੇ ਕਮਰੇ 'ਚੋਂ ਟਾਈਪ-ਮਸ਼ੀਨ ਚੁੱਕਕੇ ਲੈ ਆਏ । ਸਵਾਲ ਪੁਛਦਿਆਂ ਨਾਲ ਨਾਲ ਟਾਈਪ ਕਰੀ ਜਾ ਰਹੇ ਸਨ —

"ਤੈਨੂੰ ਇਤਲਾਹ ਕਦੋਂ ਮਿਲੀ ?"

"ਪੰਜ ਦਿਨ ਮਗਰੋਂ"

"ਕੀ ? ਉਸ ਦਿਨ ਖ਼ਬਰ ਨਹੀਂ ਮਿਲੀ ?" ਉਨ੍ਹਾਂ ਨੇ ਟਾਈਪ ਕਰਨਾ ਬੰਦ ਕਰ ਦਿਤਾ । ਜਦੋਂ ਉਨ੍ਹਾਂ ਪੁਛਿਆ ਕਿ ਕੀ ਇਤਲਾਹ ਪੁਲਸ ਨੇ ਦਿਤੀ ਤਾਂ ਉਸਨੇ ਸਿਰ ਹਿਲਾ ਕੇ 'ਨਾਂਹ' ਕਰ ਦਿਤੀ, "ਤਾਂ ਕੀਹਨੇ ਦਿਤੀ", ਉਨ੍ਹਾਂ ਨੇ ਜਾਣਕਾਰੀ ਚਾਹੀ, ਪਰ ਉਹ ਚੁੱਪ ਰਿਹਾ । ਜਦੋਂ ਪੁਛਿਆ ਕਿ ਐਫ਼. ਆਈ. ਆਰ ਲਿਖਾਇਆ, ਤਾਂ ਵੀ ਉਹਨੇ ਸਿਰ ਹਿਲਾ ਦਿਤਾ। ਪਰੰਤੂ ਜਦੋਂ ਪੁਛਿਆ ਕਿ ਕੀ ਉਹਨੇ ਗੁਆਚ ਜਾਣ ਦੀ ਸੂਚਨਾ ਦਿਤੀ ਸੀ, ਤਾਂ ਉਸਨੇ 'ਹਾਂ' ਕਿਹਾ ।

"ਚਿੜੀਆ ਘਰ ਵਾਲਿਆਂ ਦੀ ਐਫ. ਆਈ. ਆਰ. ਮਿਲੀ ਤੈਨੂੰ ?"

"ਨਹੀਂ ਦਿਤੀ"

"ਪੋਸਟ ਮਾਰਟਮ ਰਿਪੋਰਟ ਦੇਖੀ ?"

"ਨਹੀਂ ਦਿਖਾਈ।"

'ਕਦੇ ਕਿਤੇ ਉਹਦਾ ਕੋਈ ਇਲਾਜ ਹੋਇਆ ਸੀ ? ਕਦੇ ਬਿਮਾਰ ਤਾਂ ਨਹੀਂ ਹੋਇਆ ਸੀ ? ਉਸ ਦੀਆਂ ਜੇਬਾਂ ਚੋਂ ਕੀ ਨਿਕਲਿਆ ?" ਜੋ ਗੱਲਾਂ ਕਾਨੂੰਨੀ ਨਜ਼ਰੀਏ ਨਾਲ ਉਨ੍ਹਾਂ ਲਈ ਮਹੱਤਵ ਵਾਲੀਆਂ ਸਨ, ਉਹੀ ਉਸਨੂੰ ਬੇਕਾਰ ਲੱਗ ਰਹੀਆਂ ਸਨ, ਪਰੰਤੂ ਉਸਦੀ ਪਰਵਾਹ ਕੀਤੇ ਬਿਨਾਂ ਵਕੀਲ ਸਾਹਬ ਆਪਣਾ ਕੰਮ ਕਰਦੇ ਜਾ ਰਹੇ ਸਨ। 'ਤੂੰ ਮੌਕਾ-ਏ-ਵਾਰਦਾਤ' ਦਾ ਚਸ਼ਮਦੀਦ ਗਵਾਹ ਹੈਂ', ਉਹ ਬੋਲਦੇ ਬੋਲਦੇ ਰੁਕੇ ਅਤੇ ਉਨ੍ਹਾਂ ਦੇ ਮੱਥੇ ਦੀਆਂ ਲਕੀਰਾਂ ਪਹਿਲਾਂ ਨਾਲੋਂ ਵਧੇਰੇ ਡੂੰਘੀਆਂ ਹੋ ਗਈਆਂ", ਨਹੀਂ ਤੂੰ ਤਾਂ ਸਿਰਫ ਉਸਦੀ ਲੋਥ ਦੇਖੀ ਹੈ, ਵਾਰਦਾਤ ਤਾਂ ਕਿਤੇ ਹੋਰ ਹੋਈ ਹੋਵੇਗੀ, ਉਸਦੇ ਗਵਾਹ ਵੀ ਕੋਈ ਦੂਜੇ ਹੀ ਹੋਣਗੇ, ਤੈਨੂੰ ਹੀ ਹੁਣ ਉਥੇ ਜਾ ਕੇ ਉਨ੍ਹਾਂ ਕਾਰਾਂ ਦਾ ਸੁਰਾਗ ਲਾਉਣਾ ਹੈ... ਸਾਜ਼ਿਸ਼ ਤਾਂ ਉਥੇ ਹੀ ਬਣੀ ਹੈ, ਉਥੋਂ ਦੇ ਚੌਕੀਦਾਰ ਜਾਂ ਦੂਜੇ ਕਰਮਚਾਰੀ ਜ਼ਰੂਰ ਜਾਣਦੇ ਹੋਣਗੇ, ਤੂੰ ਹੁਣੇ ਉਥੇ ਜਾਹ !"

'ਨਹੀਂ ਤੁਸੀਂ ਇਨ੍ਹਾਂ ਨੂੰ ਨਹੀਂ ਭੇਜ ਸਕਦੇ ਉਥੇ' ਉਹ ਚੌਂਕ ਕੇ ਘਬਰਾਇਆ, ਜਿਵੇਂ ਕਿਸੇ ਆਦਮਖ਼ੋਰ ਨੇ ਉਸ ਤੇ ਹਮਲਾ ਕਰ ਦਿਤਾ ਹੋਵੇ ।

'ਤੂੰ ਮੇਰੀ ਫਿਕਰ ਨਾ ਕਰ, ਉਥੇ ਕੋਈ ਮੇਰਾ ਕੁਝ ਨਹੀਂ ਵਿਗਾੜ ਸਕਦਾ, ਤੈਨੂੰ ਡਰਨ ਦੀ ਕੋਈ ਲੋੜ ਨਹੀਂ', ਉਥੇ ਮੈਨੂੰ ਸਾਰੇ ਜਾਣਦੇ ਹਨ, ਮੈਂ ਸਵਤੰਤਰ ਦੀ ਫੋਟੋ ਵੀ ਜ਼ਰੂਰ ਪ੍ਰਾਪਤ ਕਰੂੰਗਾ, ਉਸ ਦਿਨ ਕਈ ਲੋਕਾਂ ਕੋਲ ਕੈਮਰੇ ਸਨ", ਮੇਰੇ ਅਤੇ ਉਹਦੇ ਵਿਚਕਾਰ ਹੁਣ ਇਕ ਨਵਾਂ ਰਿਸ਼ਤਾ ਬਣ ਚੁਕਿਆ ਸੀ ਅਤੇ ਮੈਂ ਉਸਦੇ ਦਰਦ ਨਾਲ ਜੁੜਦਾ ਜਾ ਰਿਹਾ ਸੀ ।

'ਨਹੀਂ, ਤੁਸੀਂ ਦੋਵੇਂ ਕੁਝ ਨਾ ਕਰੋ', ਮੇਰੀਆਂ ਗੱਲਾਂ ਨੇ ਉਸ ਵਿਚ ਕੋਈ ਹੌਂਸਲਾ ਨਾ ਭਰਿਆ । ਉਲਟਾ

ਭੈਭੀਤ ਹੋ ਕੇ ਬੇਨਤੀ ਕਰਨ ਲੱਗਿਆ।

o

ਵਕੀਲ ਸਾਹਬ ਨੇ ਦਿਲਾਸਾ ਦੇਂਦਿਆਂ ਕਿਹਾ ਕਿ ਮੁਖ ਮੰਤਰੀ, ਗ੍ਰਹਿ ਮੰਤਰੀ, ਆਈ. ਜੀ. ਅਤੇ ਸਭ ਨੂੰ ਮਿਲਕੇ ਅਸੀਂ ਤੇਰੀ ਮੱਦਦ ਕਰਾਂਗੇ, ਲਾਸ਼ ਨੂੰ ਲਾਵਾਰਿਸ ਕਰਾਰ ਦੇਣ ਨਾਲ ਅਸੀਂ ਤਾਂ ਲਾਵਾਰਿਸ ਨਹੀਂ ਹੋ ਗਏ, ਸਬੂਤ ਖਤਮ ਕਰ ਦੇਣ ਨਾਲ ਉਹ ਬਚ ਤਾਂ ਨਹੀਂ ਸਕਦੇ, "ਖੋਲਦੇ ਹੋਏ ਇਕ ਦਮ ਮੇਰੇ ਵੱਲ ਆਹੁਲੇ, ਲਾਸ਼ ਉਥੇ ਆਈ ਕਿਧਰ ਦੀ ?" ਫਿਰ ਖੁਦ ਹੀ ਬੋਲੇ ਕਿ ਸਿਵਾਏ ਸ਼ੇਰ ਦੀ ਕੋਠੜੀ ਦੇ ਇਲਾਵਾ ਹੋਰ ਕਿਧਰ ਦੀ ਆਈ ਹੋਵੇਗੀ।

"ਏਹਨਾਂ ਗੱਲਾਂ ਨਾਲ ਹੁਣ ਕੁਝ ਨਹੀਂ ਹੋਏਗਾ," ਸਾਡੀਆਂ ਗੱਲਾਂ ਤੋਂ ਤੰਗ ਆ ਕੇ ਉਸਨੇ ਕਿਹਾ।

"ਬਹੁਤ ਕੁਝ ਹੋਏਗਾ।" ਉਹਨਾਂ ਨੇ ਉਸਨੂੰ ਝਿੜਕਿਆ ਅਤੇ ਕੁਝ ਕਾਗਜ਼ਾਂ ਤੇ ਦਸਖਤ ਕਰਨ ਨੂੰ ਕਿਹਾ। ਉਹ ਲਾਪਰਵਾਹੀ ਨਾਲ ਉਠਕੇ ਉਨ੍ਹਾਂ ਦੇ ਸਾਹਮਣੇ ਜਾਕੇ ਖੜ੍ਹੋ ਗਿਆ।

"ਅਰੇ ਮੂਰਖ ! ਤੂੰ ਕਿਥੇ ਖਲੈਂ ?" ਉਨ੍ਹਾਂ ਨੇ ਪੂਰੀ ਤਾਕਤ ਨਾਲ ਉਸਨੂੰ ਧੱਕਿਆ, ਤੂੰ ਸਵਤੰਤਰ ਦੀ ਲਾਸ਼ ਉਪਰ ਖੜਾ ਹੈਂ, ਹੁਣ ਉਹ ਸਿਰਫ ਤੇਰਾ ਹੀ ਪੁੱਤ ਨਹੀਂ।"

ਉਨ੍ਹਾਂ ਦੀ ਆਵਾਜ਼ ਬਹੁਤ ਡੂੰਘੇ ਦੁਖ ਨਾਲ ਨਿਕਲੀ ਸੀ। ਮੁੱਢ ਤੋਂ ਹੀ ਉਨ੍ਹਾਂ ਦੀ ਆਦਤ ਸੀ ਕਿ ਜਿਸ ਕੰਮ ਨੂੰ ਵੀ ਆਪਣੇ ਹੱਥਾਂ 'ਚ ਲੈਂਦੇ, ਉਸਨੂੰ ਪੂਰੀ ਮੇਹਨਤ ਤੇ ਮਮਤਾ ਨਾਲ ਕਰਦੇ ਅਤੇ ਉਸ ਨਾਲ ਸਬੰਧਤ ਵਿਅਕਤੀਆਂ ਨਾਲ ਵੀ ਜੁੜ ਜਾਂਦੇ।

"ਏਹ ਤਾਂ ਸਭ ਤਮਾਸ਼ਾ ਹੈ," ਉਹ ਪਿਛੇ ਹਟ ਗਿਆ। ਉਹਦੇ ਪੈਰਾਂ ਥੱਲੇ ਉਹ ਕਾਗਜ਼ ਸੀ, ਜਿਸਤੇ ਸਵਤੰਤਰ ਦੀ ਲਾਸ਼ ਬਣੀ ਸੀ ਅਤੇ ਉਹ ਸਾਰੇ ਪ੍ਰਾਰਥਨਾ ਪੱਤਰ ਸਨ, ਜੋ ਮੁਖ ਮੰਤਰੀ ਆਦਿ ਦੇ ਨਾਂ ਸਨ।

'ਤੈਨੂੰ ਇਤਲਾਹ ਕੀਹਨੇ ਦਿਤੀ ਸੀ !" ਉਹ ਉਹਦੀਆਂ ਗੱਲਾਂ ਤੋਂ ਉਤੇਜਿਤ ਹੋ ਕੇ ਚੀਕ ਉਠਿਆ ਸੀ।

'ਉਨ੍ਹਾਂ ਨੇ।'

'ਕੀ !' ਉਹ ਸੁਣਦਿਆਂ ਸਾਰ ਹੀ ਘਬਰਾ ਗਏ। ਉਸਨੂੰ ਸਮਝਾਉਂਦਿਆਂ ਹੋਏ ਬੋਲੇ ਕਿ ਉਹ ਤੁਰੰਤ ਆਪਣਾ ਪਰੀਵਾਰ ਲੈ ਕੇ ਉਨ੍ਹਾਂ ਕੋਲ ਚਲਿਆ ਆਵੇ, ਕਿਉਂਕਿ ਹੁਣ ਉਸਦਾ ਉਥੇ ਰਹਿਣਾ ਖਤਰੇ ਤੋਂ ਖਾਲੀ ਨਹੀਂ। ਉਸਨੂੰ ਪੁਲਸ-ਸੁਰੱਖਿਆ ਦਾ ਭਰੋਸਾ ਵੀ ਦਿਤਾ। ਪਰ ਉਹਨੇ ਕੋਈ ਉੱਤਰ ਨਾ ਦਿਤਾ।

'ਤੂੰ ਸਮਝਦੈਂ ਕਿ ਏਨਾ ਲੜਣ ਮਗਰੋਂ ਅਸੀਂ ਝੁਕ ਜਾਈਏ।' ਪਰ ਉਸ ਤੇ ਉਨ੍ਹਾਂ ਦੀਆਂ ਗੱਲਾਂ ਦਾ ਕੋਈ ਅਸਰ ਨਹੀਂ ਸੀ। ਉਸਨੇ ਹੱਥ ਵਧਾ ਕੇ ਕਿਹਾ ਕਿ ਤੁਸੀਂ ਮੈਨੂੰ ਪੈਸੇ ਦੇ ਕੇ ਬਾਕੀ ਸਭ ਗੱਲਾਂ ਭੁੱਲ ਜਾਓ। ਉਹ ਪਰੇਸ਼ਾਨ ਸਨ। ਉਨ੍ਹਾਂ ਨੇ ਕਦੇ ਵੀ ਉਸਨੂੰ ਇਸ ਹਾਲਤ ਵਿਚ ਨਹੀਂ ਦੇਖਿਆ ਸੀ, ਪਰੰਤੂ ਉਹ ਨਾਲ ਹੀ ਉਸਨੂੰ ਮਨਾਉਣ ਦੀ ਕੋਸ਼ਿਸ਼ ਕਰ ਰਹੇ ਸਨ ਕਿ ਕਿਵੇਂ ਨਾ ਕਿਵੇਂ ਉਹ ਦਸਖਤ ਕਰ ਦੇਵੇ। ਉਸਨੂੰ ਸਮਝਾਉਂਦੇ ਹੋਏ ਬੋਲੇ ਕਿ ਤੂੰ ਪਰੇਸ਼ਾਨੀ 'ਚ ਡਰ ਗਿਆ ਏਂ, ਪਰ ਏਨੀ ਵੱਡੀ ਸੱਟ ਮਗਰੋਂ ਅਸੀਂ ਕਾਇਰਾਂ ਵਾਂਗ ਨਹੀਂ ਬੈਠ ਸਕਦੇ।

ਦਸਖਤਾਂ ਦਾ ਨਾਂ ਸੁਣਦਿਆਂ ਹੀ ਉਹ ਚੀਕ ਉਠਿਆ, ਜਿਵੇਂ ਕਿਸੇ ਨੇ ਉਸਦੇ ਸਰੀਰ ਨੂੰ ਹੀ ਵਿੰਨ੍ਹ ਸੁਟਿਆ ਹੋਵੇ, 'ਕਿਥੇ ਕਿਥੇ ਕਰਾਂ ਦਸਖਤ ! ਕੀ ਹੁਣ ਵੀ ਕੋਈ ਕਸਰ ਬਾਕੀ ਹੈ ! ਦਸਖਤ ਕਰਦੇ ਕਰਦੇ ਤਾਂ ਮੇਰੇ ਵਾਲ ਵੀ ਚਿੱਟੇ ਹੋ ਗਏ ਨੇ, ਮਿਲਿਆ ਕੀ, ਕੁਝ ਕਾਨੂੰਨੀ ਸ਼ਬਦ ਅਤੇ ਬੇਟੇ ਦੀ ਸੁਆਹ।' ਉਹ ਮੂੰਹ ਘੁੰਮਾਕੇ ਖਿੜਕੀ ਤੋਂ ਬਾਹਰ ਸੜਕ ਨੂੰ ਦੇਖਣ ਲੱਗਾ

ਸੜਕ ਤੇ ਸੁੱਕੇ ਪੱਤਿਆਂ ਦੇ ਬਲਦੇ ਹੋਏ ਢੇਰਾਂ 'ਚ ਅੱਗ ਬੁਝ ਗਈ ਸੀ। ਉਨ੍ਹਾਂ ਚੋਂ ਧੂੰਆਂ ਹੁਣ ਵੀ ਉੱਠ ਰਿਹਾ ਸੀ। ਕਦੀ ਕੁਦਰਤ ਕਿੰਨੀ ਜ਼ਾਲਿਮ ਹੁੰਦੀ ਹੈ। ਥੋੜਾ ਚਿਰ ਪਹਿਲਾਂ ਜਦੋਂ ਮੈਂ ਉਸਨੂੰ ਸੜਕ ਤੇ ਏਧਰ ਆਉਂਦਿਆਂ ਦੇਖਿਆ ਸੀ ਤਾਂ ਸੋਚ ਵੀ ਨਹੀਂ ਸਕਦਾ ਸੀ ਕਿ ਉਹ ਇਥੇ ਹੀ ਆ ਰਿਹੈ। ਉਸ ਵਕਤ ਪੂਰਾ ਵਾਤਾਵਰਣ ਉਸ ਤੇ ਵਿਅੰਗ ਕੱਸ ਰਿਹਾ ਸੀ। ਸੜਕ ਦੇ ਦੋਹੀਂ ਪਾਸੀਂ ਦਰਖਤਾਂ ਦੇ ਸੁੱਕੇ ਪੱਤੇ ਡਿਗ ਰਹੇ ਸਨ। ਥੱਲੇ ਸੁੱਕੇ ਪੱਤਿਆਂ ਦੀਆਂ ਢੇਰੀਆਂ ਚਿੰਤਾਵਾਂ ਵਾਂਗ ਬਲ ਰਹੀਆਂ ਸਨ। ਸੜਕ ਤੇ ਪੱਤੇ ਹਵਾ ਦੇ ਵਹਾਅ 'ਚ ਚੂਹਿਆਂ ਦੇ ਝੁੰਡ ਵਾਂਗ ਏਧਰ ਆ ਰਹੇ ਸਨ। ਉਸ ਵੇਲੇ ਲੱਗਿਆ ਸੀ ਕਿ ਉਹ ਝੁੰਡ ਨਾਲ ਬੱਝਿਆ ਹੋਇਆ ਘਿਸੜਿਆ ਆ ਰਿਹਾ ਹੈ। ਏਹ ਮਾਰਚ ਦੇ ਅੰਤਿਮ ਦਿਨ ਸਨ ਅਤੇ ਮੌਸਮ ਹਰ ਸੁੱਕੇ ਪੱਤੇ ਨੂੰ ਨਸ਼ਟ ਕਰ ਰਿਹਾ ਸੀ ...।

'ਜ਼ਿੰਦਗੀ ਪਰੇਸ਼ਾਨੀਆਂ ਨਾਲ ਭਰੀ ਹੈ, ਅਸੀਂ ਇਸ ਤੋਂ ਬਚਕੇ ਕਿਥੇ ਜਾ ਸਕਦੇ ਹਾਂ ? ਸਿਰਫ ਇਸ ਦਾ ਮੁਕਾਬਲਾ ਹੀ ਕਰ ਸਕਦੇ ਹਾਂ, ਹਿੰਮਤ ਨਾ ਹਾਰੋ, ਪਹਿਲੇ ਕੇਸ ਨਾਲ ਇਸ ਕੇਸ ਨੂੰ ਵੀ ਲੜੂੰਗਾ,' ਵਕੀਲ ਸਾਹਬ ਨੇ ਆਖਿਰੀ ਕੋਸ਼ਿਸ਼ ਕੀਤੀ।

'ਹੁਣ ਮੈਨੂੰ ਸਵਤੰਤਰ, ਜ਼ਮੀਨ, ਕਿਸੇ ਦੀ ਵੀ ਚਿੰਤਾ ਨਹੀਂ ਹੈ, ਡਰ ਹੈ ਤਾਂ ਸਿਰਫ ਭਾਰਤ ਦਾ', ਉਸਨੇ ਉਹ ਗੱਲ ਹੀ ਕਹਿ ਦਿਤੀ, ਜਿਸਨੂੰ ਉਹ ਕਦੇ ਦਾ ਸਾਥੋਂ ਲਕੋਈ ਜਾ ਰਿਹਾ ਸੀ, ਅਤੇ ਉਸਨੂੰ ਦੱਸਣਾ ਹੀ ਵਿਅਰਥ ਸਮਝ ਰਿਹਾ ਸੀ।

'ਕੀ ਹੋਇਆ ਉਸਨੂੰ ?'

'ਉਹ ਬਹੁਤ ਮਜ਼ਬੂਤ ਹਨ; ਕਾਨੂੰਨ ਤਾਂ ਉਨ੍ਹਾਂ ਲਈ ਹੈ ਜੋ ਉਸਤੋਂ ਡਰਦੇ ਹਨ, ਉਨ੍ਹਾਂ ਲੋਕਾਂ ਲਈ ਨਹੀਂ, ਮੇਰੀ ਜ਼ਮੀਨ ਦੀ ਤਾਕਤ ਨਾਲ ਉਨ੍ਹਾਂ ਸਾਰਾ ਟੱਬਰ ਕਿਥੇ ਦਾ ਕਿਥੇ ਪਹੁੰਚ ਗਿਆ ਹੈ', ਉਹਦੀਆਂ ਅੱਖਾਂ ਹੋਰ ਸੁਰਖ ਹੋ ਚੁਕੀਆਂ ਸਨ,' ਮੈਂ ਤੁਹਾਡੇ ਅਹਿਸਾਨਾਂ ਨਾਲ ਬਹੁਤ ਦੱਬਿਆ ਹਾਂ, ਇਜੇਹਾ ਨਾ ਹੋਵੇ ਉਹ ਕਿਤੇ ਤੁਹਾਨੂੰ ਵੀ…'

'ਕੀ ਕਹਿ ਰਿਹੈਂ ?"

'ਮੈਂ ਠੀਕ ਕਹਿ ਰਿਹਾ ਹਾਂ, ਉਹ ਕਿਤੇ ਦਿਖਾਈ ਨਹੀਂ ਦਿੰਦੇ, ਜਦੋਂ ਜਿਸ ਨੂੰ ਚਾਹੁਣ ਮਰੋੜ ਦੇਣ, ਕਬਜ਼ੇ ਵਾਲੇ ਦਿਨ ਗੁੰਡਿਆਂ ਦੀ ਫੌਜ ਆਈ ਸੀ, ਬੰਦੂਕਾਂ ਭਾਲੇ, ਕੀ ਨਹੀਂ ਸੀ ਉਨ੍ਹਾਂ ਕੋਲ !' ਉਹ ਇਕ ਰਉਂ 'ਚ ਬੋਲ ਰਿਹਾ ਸੀ। ਉਨ੍ਹਾਂ ਨੂੰ ਫੜਕੇ ਉਸਨੇ ਪੁਛਿਆ ਕਿ ਉਸ ਦਿਨ ਕੋਈ ਸਾਡੇ ਲਈ ਗਵਾਹੀ ਦੇਣ ਨੂੰ ਵੀ ਕਿਉਂ ਤਿਆਰ ਨਹੀਂ ਹੋਇਆ ? ਪੁਲਸ ਨੇ ਸਾਡੀ ਐਫ. ਆਈ. ਆਰ. ਲਿਖਣ ਤੋਂ ਕਿਉਂ ਇਨਕਾਰ ਕਰ ਦਿਤਾ ? ਹੁਣ ਭਾਰਤ ਨੂੰ ਕੌਣ ਬਚਾਊਗਾ ? ਉਸਨੇ ਸਹਿਮ ਕੇ ਚਾਰੇ ਪਾਸੀਂ ਦੇਖਿਆ। ਆਲੇ ਦੁਆਲੇ ਫੈਲੇ ਅਗਿਆਤ ਜਾਲ ਦਾ ਜੋ ਅਹਿਸਾਸ ਉਹਦੀਆਂ ਅੱਖਾਂ ਵਿਚ ਸੀ ਅਤੇ ਉਨ੍ਹਾਂ ਖੂੰਖਾਰ ਹੱਥਾਂ ਦੀ ਮਜ਼ਬੂਤ ਪਕੜ ਨੂੰ ਸਮਝ ਲੈਣ ਮਗਰੋਂ ਦੀ ਖਾਮੋਸ਼ੀ, ਅਤੇ ਇਸ ਨਾਲ ਸਭ ਕੁਝ ਪੀ ਕੇ ਜੋ ਵੀ ਰੁਕਿਆ ਹੋਇਆ ਸੀ, ਸਭ ਟੁਟਦਾ ਹੋਇਆ ਮਹਿਸੂਸ ਹੋਇਆ……'ਮੈਂ ਤੇਰੇ ਲਈ ਸਭ ਕੁਝ ਕਰਾਂਗਾ', ਉਸਦੀ ਹਾਲਤ ਮੈਨੂੰ ਛੂਹ ਗਈ। ਮੈਂ ਉਸਨੂੰ ਕਿਹਾ ਕਿ ਮੈਂ ਨਾਗਰਿਕ ਕਮੇਟੀ ਦਾ ਮੈਂਬਰ ਹਾਂ, ਖੁਦ ਰਾਜਪਾਲ ਅੱਗੇ ਤੇਰੀ ਬੇਨਤੀ ਕਰੂੰਗਾ। 'ਉਹ ਇਜੇਹੀਆਂ ਕਈ ਕਮੇਟੀਆਂ ਦੇ ਮੈਂਬਰ ਹਨ,' ਉਹਦੀਆਂ ਅੱਖਾਂ 'ਚ ਘਿਰਣਾ ਸੀ, "ਉਹ ਦੋ ਵੇਰ ਮੇਰੇ ਘਰ ਆ ਚੁੱਕੇ ਹਨ ਅਤੇ ਤੁਸੀਂ ਮੈਨੂੰ ਪਾਠ ਪੜ੍ਹਾ ਰਹੇ ਹੋ।'

'ਦੋ ਵੇਰ !' ਵਕੀਲ ਸਾਹਬ ਦੀ ਆਵਾਜ਼ 'ਚ ਖਤਰੇ ਦੀ ਚੇਤਾਵਨੀ ਸੀ, 'ਕੀ ਉਹ ਖੁਦ ਆਏ ਸਨ ?'

'ਉਹ ਖੁਦ ਕਿਤੇ ਨਹੀਂ ਆਉਂਦੇ', ਉਹਨੇ ਕਾਟਵੀਂ ਨਜ਼ਰ ਨਾਲ ਸਾਨੂੰ ਦੇਖਿਆ, ਜਿਵੇਂ ਕਹਿ ਰਿਹਾ ਹੋਵੇ ਕਿ ਏਨੀ ਛੋਟੀ ਗੱਲ ਵੀ ਨਹੀਂ ਸਮਝਦੇ ਤੁਸੀਂ", ਉਨ੍ਹਾਂ ਦੇ ਲੰਮੇ ਹੱਥ ਹਰ ਥਾਂ ਪਹੁੰਚ ਜਾਂਦੇ ਹਨ। ਮੇਰੇ ਘਰ ਵੀ ਆਏ ਸਨ, "ਉਹ ਦਸਦਾ ਜਾ ਰਿਹਾ ਸੀ ਕਿ ਜਦੋਂ ਉਹ ਪਹਿਲੀ ਵੇਰ ਉਹਦੇ ਘਰ ਆਏ ਸਨ ਤਾਂ ਉਹ ਘਰ ਨਹੀਂ ਸੀ। ਸਭ ਹਥਿਆਰਾਂ ਨਾਲ ਲੈਸ ਸਨ ਅਤੇ ਭਾਰਤ ਨੂੰ ਚੁੱਕੇ ਕੇ ਸ਼ਹਿਰੋਂ ਬਾਹਰ ਲੈ ਗਏ ਸਨ, ਰਾਹ 'ਚ ਉਸ ਨਾਲ ਲੁੱਚੇ ਮਖੌਲ ਕਰਦੇ ਰਹੇ ਸਨ ਕਿ ਮੁੰਡਾ ਵਧੀਆ ਹੈ, ਬੁੱਢਾ ਵੀ ਹਰਾਮੀ ਖਾਨਦਾਨੀ ਹੈ, ਉਸ ਨੂੰ ਦੱਸ ਦੇਣਾ ਬੇਟਾ…ਹੈਂ…ਅਸੀਂ ਵੀ ਖਾਨਦਾਨੀ ਹਾਂ, ਕੀ ਅਜੇ ਤਕ ਉਹਦੀ ਸਮਝ 'ਚ ਨਹੀਂ ਆਇਆ ਕਿ ਅਸੀਂ ਕੌਣ ਹਾਂ ?

ਉਸਨੂੰ ਕਹਿ ਦੇਣਾ ਕਿ ਭੱਜ ਜਾਵੇ ਇਸ ਸ਼ਹਿਰ ਚੋਂ ਕੱਲ੍ਹ ਤਕ, ਨਹੀਂ ਤਾਂ ਮੁੰਡਿਆਂ ਹੁਣ ਤੇਰਾ ਨੰਬਰ ਹੈ, ਤੂੰ ਕਿਉਂ ਮਰਨਾ ਚਾਹੁੰਦਾ ਹੈ ਉਸ ਜ਼ਮੀਨ ਖਾਤਰ ? ਜ਼ਮੀਨ ਤਾਂ ਸਾਡੀ ਹੈ। ਇਕ ਤੋਂ ਜੀਅ ਹੌਲਾ ਨਹੀਂ ਹੋਇਆ ਤਾਂ ਕਹਿ ਦੇਣਾ ਦੋਹਾਂ ਤੋਂ ਹੱਥ ਧੋਵੇਗਾ…ਜਾਹ ਦੌੜ ਤੂੰ, ਕਹਿ ਦਈਂ ਉਸਨੂੰ……

o

ਉਸਨੇ ਰੁਕ ਕੇ ਸਾਡੇ ਦੋਹਾਂ ਦੇ ਘਬਰਾਏ ਚੇਹਰੇ ਦੇਖੇ ਅਤੇ ਥੋੜ੍ਹੀ ਦੇਰ ਲਈ ਉਸਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ। ਉਸੇ ਹਾਲਤ 'ਚ ਬੋਲਿਆ ਕਿ ਉਹ ਉਸ ਮਗਰੋਂ ਫਿਰ ਆਏ ਸਨ। ਇਸ ਵੇਰੀ ਉਹਨੂੰ ਲੈ ਗਏ। ਬਾਹਰ ਲਿਜਾ ਕੇ ਉਸਨੂੰ ਪਿਸਤੌਲਾਂ ਦੇ ਹੱਥਿਆਂ ਨਾਲ ਕੁੱਟਦੇ ਰਹੇ। ਉਸਨੂੰ ਜੀਪ ਨਾਲ ਪਟਕਦੇ ਰਹੇ। ਉਸਨੂੰ ਪੁੱਛਣ ਲੱਗੇ ਕਿ ਉਹ ਅਜੇ ਤਕ ਸ਼ਹਿਰ ਛੱਡ ਕੇ ਭੱਜਿਆ ਕਿਉਂ ਨਹੀਂ ! ਕਿਸੇ ਨੇ ਉਸਨੂੰ ਮੁੱਕਾ ਮਾਰਦਿਆਂ ਕਿਹਾ ਕਿ ਇਸਨੂੰ ਹੁਣੇ ਕਿਉਂ ਨਾ ਜ਼ਮੀਨ ਦੇ ਦਿਤੀ ਜਾਵੇ। "ਨਹੀਂ ਪਾਰਟਨਰ, ਬੁੱਢਾ ਸਿਰੜੀ ਜ਼ਰੂਰ ਹੈ, ਪਰ ਹੈ ਸਮਝਦਾਰ, ਇਸ ਤਰ੍ਹਾਂ ਨਹੀਂ ਮਰੇਗਾ", ਕਿਸੇ ਨੇ ਹੱਸਦਿਆਂ ਹੋਇਆਂ ਮੁੱਕਾ ਮਾਰਨ ਵਾਲੇ ਨੂੰ ਅੱਖ ਮਾਰਕੇ ਕਿਹਾ ਸੀ।

"ਤੁਸੀਂ ਕੌਣ ਹੋ ?" ਜਦੋਂ ਉਸਨੇ ਉਨ੍ਹਾਂ ਨੂੰ ਏਹ ਪੁਛਿਆ ਤਾਂ ਸਭ ਠਹਾਕੇ ਮਾਰ ਕੇ ਹੱਸ ਪਏ ਕਿ ਸਾਲੇ ਤੂੰ ਕਹਿੰਦਾ ਸੀ ਕਿ ਬੁੱਢਾ ਸਮਝਦਾਰ ਹੈ। ਇਸਨੂੰ ਦੱਸ ਦੇਹ ਕਿ ਅਸੀਂ ਕੋਈ ਨਹੀਂ, ਸਾਡਾ ਕੋਈ ਨਾਂ ਨਹੀਂ ਹੁੰਦਾ।

ਜਦੋਂ ਉਨ੍ਹਾਂ ਨੇ ਉਸਨੂੰ ਛੱਡਿਆ ਤਾਂ ਚੇਤਾਵਨੀ ਦਿਤੀ ਕਿ ਚੌਵੀ ਘੰਟਿਆਂ ਵਿੱਚ ਇਥੋਂ ਦਫ਼ਾ ਹੋ ਜਾਏ, ਨਹੀਂ ਤਾਂ ਉਹ ਭਾਰਤ ਨੂੰ ਚੁੱਕ ਕੇ ਲੈ ਜਾਣਗੇ !

ਕਮਰੇ 'ਚ ਡੂੰਘੀ ਖਾਮੋਸ਼ੀ ਛਾ ਗਈ। ਸਾਡੇ ਮੂੰਹ ਚੋਂ ਇਕ ਸ਼ਬਦ ਵੀ ਨਾ ਨਿਕਲਿਆ।

ਅਸੀਂ ਚੁੱਪ ਚਾਪ ਉਸਨੂੰ ਦੇਖਦੇ ਰਹਿ ਗਏ।

'ਉਹ ਅੱਜ ਰਾਤ ਨੂੰ ਜ਼ਰੂਰ ਆਉਣਗੇ ਅਤੇ ਉਸਨੂੰ ਲੈ ਜਾਣਗੇ … ਨਹੀਂ, ਕਿਵੇਂ ਲੈ ਜਾਣਗੇ ਉਹ ਉਸਨੂੰ ! ਮੈਂ ਬਿਨਾਂ ਟਿਕਟ ਹੀ ਭੱਜ ਜਾਵਾਂਗਾ ਸਭ ਨੂੰ ਲੈਕੇ, "ਉਹ ਹੱਸਿਆ" ਮੈਂ ਵੀ ਕਿੰਨਾ ਬਹਿਕ ਗਿਆ ਫ਼ਜ਼ੂਲ, ਬਹਿਕਣ ਨਾਲ ਕੀ ਹੋਏਗਾ, ਹੁਣ। ਕਾਸ਼ ! ਏਹ ਗੱਲ ਸ਼ੁਰੂ 'ਚ ਹੀ ਮੇਰੀ ਸਮਝ 'ਚ ਆ ਜਾਂਦੀ, ਮੇਰੀ ਏਹ ਹਾਲਤ ਤਾਂ ਨਾ ਹੁੰਦੀ। ਮੇਰਾ ਬੇਟਾ ਤਾਂ ਨਾ ਮਰਦਾ ਜ਼ਮੀਨ ਮਿਲਣ ਤੇ ਅਸੀਂ ਮਾਰ ਦਿਤੇ ਜਾਵਾਂਗੇ … ਨਾ ਹੋਣ ਤੇ ਜਿਉਂਦੇ ਤਾਂ ਰਹਾਂਗੇ … ਮੇਰੇ ਚਾਰੇ ਪਾਸੇ ਸਭ ਕੁਝ ਹੈ,

ਪਰ ਮੇਰੇ ਲਈ ਕੁਝ ਨਹੀਂ, ਮੈਂ ਕਿੰਨਾ ਕੁਝ ਕਿੰਨੇ ਵਰ੍ਹਿਆਂ ਤੋਂ ਮਹਿਸੂਸ ਕਰ ਰਿਹਾ ਸੀ, ਪਰੰਤੂ ਕੁਝ ਕਹਿ ਨਹੀਂ ਸਕਿਅ. ਸਿਰਫ ਤੁਹਾਡੇ ਅਹਿਸਾਨਾਂ ਦੇ ਕਾਰਨ ਹੀ।"

'ਬਹੁਤ ਖਤਰਨਾਕ, ਤੂੰ ਏਨਾ ਸਮਾਂ ਕਿਉਂ ਬਰਬਾਦ ਕੀਤਾ ਹੁਣ ਤਕ ?" ਵਕੀਲ ਸਾਹਬ ਦੀ ਉੱਚੀ ਆਵਾਜ਼ ਨੇ ਉਸਦੀਆਂ ਗੱਲਾਂ ਦੇ ਅਰੋਕ ਪ੍ਰਵਾਹ ਨੂੰ ਰੋਕਿਆ, "ਅਸੀਂ ਹੁਣੇ ਚੱਲ ਕੇ ਪੁਲਸ ਨੂੰ ਖਬਰ ਕਰਦੇ ਹਾਂ", ਉਨ੍ਹਾਂ ਨੇ ਸਾਨੂੰ ਦੋਹਾਂ ਨੂੰ ਚੱਲਣ ਦਾ ਇਸ਼ਾਰਾ ਕੀਤਾ। ਉਹ ਬਹੁਤ ਚਿੰਤਾਤੁਰ ਸਨ ਅਤੇ ਇਕ ਮਿੰਟ ਵੀ ਦੇਰ ਨਹੀਂ ਕਰਨਾ ਚਾਹੁੰਦੇ ਸਨ।

ਪੁਲਸ ਦਾ ਨਾਂ ਸੁਣਦੇ ਹੀ ਉਹ ਏਨੀ ਜ਼ੋਰ ਨਾਲ ਚੀਕਿਆ ਕਿ ਅਸੀਂ ਦੋਵੇਂ ਇਕ ਵੇਰ ਤਾਂ ਘਬਰਾ ਗਏ ਕਿ ਉਸਨੂੰ ਕੀ ਹੋਇਆ ! ਜਿਵੇਂ ਉਨ੍ਹਾਂ ਨੇ ਪੁਲਸ ਦਾ ਜ਼ਿਕਰ ਕਰਕੇ ਉਸ ਤੇ ਤੇਜ਼ਾਬ,ਛਿੜਕ ਦਿਤਾ ਹੋਵੇ,"ਨਹੀਂ, ਕੋਈ ਜ਼ਰੂਰਤ ਨਹੀਂ ਹੈ, ਉਥੇ ਜਾਣ ਦੀ !" ਪੁਲਸ ਦੇ ਕੋਈ ਦੂਜੇ ਹੀ ਅਰਥ ਸਨ ਉਹਦੇ ਲਈ। ਉਹ ਉਨ੍ਹਾਂ ਦੀਆਂ ਅੱਖਾਂ ਵਿਚ ਝਾਕ ਕੇ ਫਿਰ ਚੀਕਿਆ, "ਤੁਹਾਨੂੰ ਅਜੇ ਵੀ ਕੋਈ ਸ਼ੱਕ ਹੈ ? ਕੀ ਉਨ੍ਹਾਂ ਦੋਹਾਂ 'ਚ ਕੋਈ ਫ਼ਰਕ ਹੈ ? ਜਦੋਂ ਉਨ੍ਹਾਂ ਨੇ ਕਿਸੇ ਦੂਜੇ ਦੇ ਹੁਕਮ ਤੇ ਹੀ ਚਲਣਾ ਹੈ ਤਾਂ ਫਿਰ ਅਸੀਂ ਕਿਸ ਕੋਲ ਆਪਣਾ ਰੋਣਾ ਰੋਵਾਂਗੇ ? ਸਭ ਬੇਕਾਰ ਹੈ !"

ਅਸੀਂ ਦੋਵੇਂ ਉਹਦੀ ਮਾਨਵੀ ਤੇ ਕਾਨੂੰਨੀ ਸੁਰੱਖਿਆ ਦੇ ਦੋ ਥੰਮ੍ਹੇ ਉਸ ਵਾਸਤੇ ਵਿਅਰਥ ਅਤੇ ਬੇਬਸ ਸਾਂ। ਸਾਡੀ ਹਮਦਰਦੀ ਅਤੇ ਸਾਰੀ ਲੜਾਈ ਉਸ ਵਾਸਤੇ ਕਿਸੇ ਕੰਮ ਦੀ ਨਹੀਂ ਸੀ। ਉਹ ਆਪਣੇ ਅਨੁਭਵ ਨਾਲ ਏਸ ਥਾਂ ਪਹੁੰਚਿਆ ਸੀ ਅਤੇ ਅਸੀਂ ਆਪਣੇ ਵਿਚਾਰਾਂ ਅਤੇ ਦੂਜਿਆਂ ਵਾਸਤੇ ਕੁਝ ਕਰਨ ਦੀ ਭਾਵਨਾ ਨਾਲ ਹੀ ਉਸਨੂੰ ਲੜਣ ਲਈ ਉਕਸਾ ਰਹੇ ਸਾਂ। ਬੁਰੀ ਤਰ੍ਹਾਂ ਨਾਲ ਹਾਰੇ ਸੀ ਅਸੀਂ।

ਪਹਿਲੇ ਮੈਂ ਸੋਚਿਆ ਸੀ ਕਿ ਉਹ ਬੇਟੇ ਦੀ ਮੌਤ ਦੇ ਨਾਂ ਤੇ ਪੀਣ ਵਾਸਤੇ ਪੈਸੇ ਇਕੱਠੇ ਕਰੇਗਾ। ਫਿਰ ਲੱਗਿਆ ਕਿ ਉਹ ਆਪਣਾ ਆਤਮਨਾਸ਼ ਕਰ ਰਿਹਾ ਹੈ। ਬਾਦ 'ਚ ਮਹਿਸੂਸ ਹੋਇਆ ਕਿ ਉਹ ਜ਼ਰੂਰਤ ਤੋਂ ਵਧੇਰੇ ਡਰ ਗਿਆ ਹੈ। ਪਰ ਇਸ ਵੇਲੇ ਮਹਿਸੂਸ ਹੋ ਰਿਹਾ ਸੀ ਕਿ ਨਹੀਂ, ਉਹ ਬਹੁਤ ਸਹਿਜ ਹੈ ਅਤੇ ਆਪਣੇ ਆਲੇ ਦੁਆਲੇ ਦੇ ਤਾਣੇਂ-ਬਾਣੇਂ ਨੂੰ ਬਹੁਤ ਚੰਗੀ ਤਰ੍ਹਾਂ ਸਮਝ ਚੁੱਕਿਆ ਹੈ। ਸਿਰਫ ਵਕੀਲ ਸਾਹਬ ਦੇ ਅਹਿਸਾਨਾਂ ਨੇ ਉਸਦੇ ਜ਼ਖਮਾਂ ਤੇ ਕੁਝ ਮਿਰਚਾਂ ਛਿੜਕੀਆਂ ਸਨ ਅਤੇ ਉਹ ਵਹਿ ਗਿਆ ਸੀ।

ਅਚਾਨਕ ਵਕੀਲ ਸਾਹਬ ਦੀਆਂ ਨਜ਼ਰਾਂ ਖਿੜਕੀ ਤੋਂ ਬਾਹਰ ਗਈਆਂ। ਉਥੇ ਦੋ ਜੀਪਾਂ ਕੋਲ ਕੁਝ ਅਸੱਭਿਅ ਆਦਮੀ ਅਸ਼ਲੀਲ ਗੱਲਾਂ ਕਰਦੇ ਹੋਏ ਏਧਰ-ਓਧਰ ਦੇਖ ਰਹੇ ਸਨ। ਵਕੀਲ ਸਾਹਬ ਦੇ ਨਾਂ ਦੀ ਤਖਤੀ ਉਨ੍ਹਾਂ ਦੇ ਪੈਰਾਂ ਕੋਲ ਟੁੱਟੀ ਪਈ ਸੀ।

"ਉਹ ਏਥੇ ਵੀ ਆ ਗਏ ਨੇ, ਅਜੇ ਥੋੜ੍ਹੀ ਦੇਰ ਪਹਿਲਾਂ ਤਾਂ ਬਾਹਰ ਕੋਈ ਨਹੀਂ ਸੀ, ਕਦੋਂ ਆਏ ਏਹ ?" ਵਕੀਲ ਸਾਹਬ ਬਹੁਤ ਘਬਰਾ ਗਏ ਸਨ। ਉਹ ਫੋਨ ਵੱਲ ਵਧੇ। ਉਨ੍ਹਾਂ ਦੇ ਹੱਥ 'ਚ ਫੜਿਆ 'ਚੋਗਾ', ਭੈ-ਭੀਤ ਚੇਹਰਾ, ਖਿੜਕੀ ਚੋਂ ਦੌੜਦੀਆਂ ਨਜ਼ਰਾਂ...ਕੁਝ ਇਜੇਹੀਆਂ ਸਨ ਕਿ ਜਿਵੇਂ ਵੀਹ-ਪੱਚੀ ਹਥਿਆਰਾਂ ਨਾਲ ਲੈਸ ਹਤਿਆਰਿਆਂ ਨੇ ਉਨ੍ਹਾਂ ਨੂੰ ਘੇਰ ਲਿਆ ਹੋਵੇ ਅਤੇ ਉਨ੍ਹਾਂ ਨੂੰ ਕੋਈ ਸਹਾਰਾ ਨਾ ਮਿਲ ਰਿਹਾ ਹੋਵੇ।

'ਕੀ ਕਰ ਰਹੇ ਹੋ ਤੁਸੀਂ ? ਉਹ ਤੁਹਾਨੂੰ ਵੀ ਮਾਰ ਦੇਣਗੇ ਅਤੇ ਕਿਸੇ ਨੂੰ ਕੰਨੋਂ-ਕੰਨ ਖਬਰ ਵੀ ਨਹੀਂ ਹੋਏਗੀ", ਉਸਨੇ ਉਨ੍ਹਾਂ ਤੋਂ ਰਸੀਵਰ ਖੋਹ ਕੇ ਬਹੁਤ ਸ਼ਾਂਤ ਆਵਾਜ਼ 'ਚ ਕਿਹਾ, "ਕਿਉਂ ਸਮਾਂ ਬਰਬਾਦ ਕਰਦੇ ਹੋ ਤੁਸੀਂ ? ਹੁਣ ਕੁਝ ਨਹੀਂ ਹੋ ਸਕਦਾ !"

'ਹੁਣ' ਸ਼ਬਦ ਵਿਚ ਪਿਛਲੇ ਬੀਤੇ ਵਰ੍ਹਿਆਂ ਦਾ ਪੂਰਾ ਨਿਚੋੜ ਸੀ, ਜੋ ਵਿਅੰਗ ਦੀ ਧਾਰ ਵਾਂਗ ਉਹਦੇ ਮੂੰਹ ਚੋਂ ਨਿਕਲਿਆ ਸੀ, ਜੋ ਸਾਡੀ ਦਲੀਲ ਦਾ ਮਜ਼ਾਕ ਉਡਾਉਂਦਾ ਹੋਇਆ ਤੇਜ਼ ਧਾਰ ਨਾਲ ਸਾਨੂੰ ਵੱਢ ਰਿਹਾ ਸੀ।

'ਉਹ ਮੈਨੂੰ ਰਾਤ ਹੋਣ ਦੀ ਯਾਦ ਦਿਵਾ ਰਹੇ ਨੇ। ਸ਼ਾਇਦ ਉਹ ਸਮੇਂ ਦੇ ਪਾਬੰਦ ਹਨ', ਉਹਦੇ ਹਾਸੇ 'ਚ ਜ਼ਹਿਰ ਸੀ।

ਮੈਂ ਜੀਪਾਂ ਕੋਲ ਖੜੇ ਆਦਮੀਆਂ ਨੂੰ ਦੇਖਕੇ ਕੰਬ ਉਠਿਆਂ। ਉਨ੍ਹਾਂ ਕੋਲ ਹਥਿਆਰ ਸਨ। ਉਹ ਵਾਰੀ ਵਾਰੀ ਇਕੋ ਬੋਤਲ ਚੋਂ ਹੀ ਪੀਈ ਜਾ ਰਹੇ ਸਨ। ਹੁਣ ਮੇਰੀ ਸਮਝ 'ਚ ਆਇਆ ਕਿ ਜਦੋਂ ਵਕੀਲ ਸਾਹਬ ਨੇ ਮੈਨੂੰ ਚਿੜੀਆ ਘਰ ਜਾਣ ਨੂੰ ਕਿਹਾ ਸੀ ਤਾਂ ਏਹ ਏਨਾ ਘਬ-ਰਾਇਆ ਕਿਉਂ ਸੀ ! ਮੈਨੂੰ ਲੱਗਿਆ, ਅਸੀਂ ਤਿੰਨੇ ਇਕ ਇਜੇਹੇ ਖੁੱਲ੍ਹੇ ਜੰਗਲੇ ਵਿਚ ਖੜੇ ਹਾਂ, ਜਿਥੇ ਨਾ ਸ਼ਹਿਰ ਹੈ, ਨਾ ਲੋਹੇ ਦੀਆਂ ਸਲਾਖਾਂ ਹਨ, ਨਾ ਖਾਲੀ ਹੈ, ਪਰ ਖੜੋਤੇ, ਸ਼ੇਰ ਦੇ ਮੂਹਰੇ ਹੀ ਹਾਂ...

ਉਹਨੇ ਪੈਸਿਆਂ ਲਈ ਆਪਣਾ ਹੱਥ ਪਸਾਰਦਿਆਂ ਹੋਇਆਂ ਕਿਹਾ ਕਿ ਹੁਣ ਸਿਰਫ਼ ਇਹੀ ਹੋ ਸਕਦਾ ਹੈ।

o

# ਗੁਜ਼ਾਰਿਸ਼ ਹੈ

ਦਰਸ਼ਨ ਖਟਕੜ

ਗੁਜ਼ਾਰਿਸ਼ ਹੈ
ਚਲੇ ਆਉ
ਮੇਰੇ ਮਸਤਕ 'ਤੇ ਸਜ ਜਾਉ ।
ਇਹ ਮੇਰਾ ਦਿਲ ਤੁਹਾਡਾ ਹੈ
ਆ ਆਪਣੇ ਘਰ 'ਚ ਵਸ ਜਾਉ ।
ਜੇ ਭਲਾ ਇਹ ਦਿਲ ਤੁਹਾਡਾ ਨਹੀਂ
ਤਾਂ ਮੇਰਾ ਦਿਲ ਨਹੀਂ ਮੇਰਾ ।
ਇਹ ਸ਼ੀਸ਼ਾ ਹੀ ਹੈ ਕੀ ਸੀਸ਼ਾ
ਜੇ ਅਕਸੇ ਨਾ
ਤੁਹਾਡੀ ਸਗਲ ਸੂਰਤ ਨੂੰ ।
ਤੁਹਾਡੀ ਹਿੱਕ ਜਾਂ ਬਾਂਹ ਨਾ ਕਜ ਹੋਵੇ
ਇਹ ਗਲੂਮੇ ਦਾ ਜਾਂ ਕਫ ਦਾ ਹਾਣ ਹੋਵੇ ਨਾ
ਛਾਤੀ-ਛੇਕ ਕਰਵਾਕੇ
ਛੇਕ ਸੂਈ ਦੀ ਨਜ਼ਰ ਕਰਕੇ
ਨਹੀਂ ਜੇ ਬਟਨ ਦਿਲ ਬਣਦਾ
ਤਾਂ ਮੇਰਾ ਦਿਲ ਨਹੀਂ ਮੇਰਾ ।
ਤੁਹਾਡੇ ਦੁਸ਼ਮਣਾਂ ਦਾ ਸੁਣਕੇ ਪੈਂਦਾ ਖਰੂਦ
ਇਹ ਤੁਹਾਡਾ ਆਪਣਾ
ਜੇ ਬਣੇ ਨਾ ਤਿਊੜੀ
ਉਨ੍ਹਾਂ ਦੀਆਂ ਚਾਂਘਰਾਂ ਸੁਣ ਕੇ
ਤੁਹਾਡੇ ਆਪਣੇ ਦਾ ਖੂਨ ਨਾ ਖੌਲੇ
ਲਾਲ ਡੋਰੇ ਇਸ ਦੀਆਂ
ਅੱਖਾਂ ਸ਼ਿੰਗਾਰਨ ਨਾ
ਤੇ ਅੱਖ਼ਾਂ ਦੀ ਚਮਕ
ਖੰਜਰ ਦੀ ਚਮਕ ਸੰਗ
ਅੱਖ ਨਾ ਮੇਲੇ
ਤਾਂ ਮੇਰਾ ਦਿਲ ਨਹੀਂ ਮੇਰਾ ।
ਮੈਂ ਸਮਝਾਂਗਾ
ਕਿਸੇ ਛਲੀਏ ਪਾਲਾਂ ਅੰਦਰ
ਕਿਸੇ ਚਾਤਰ ਨਿਪੁੰਸਕ ਨੇ
ਸੁੰਘਾਅ ਕੇ ਸ਼ੀਸ਼ੀਆਂ
ਕੋਈ ਮਾਸ ਦਾ ਟੁਕੜਾ
ਮੇਰੀ ਛਾਤੀ 'ਚ ਆ ਤੁੰਨਿਆ
ਤੇ ਟੁਕੜਾ ਮਾਸ ਦਾ
ਹੈ ਦਿਲ ਅਖਵਾ ਕਿਵੇਂ ਸਕਦਾ ?
ਹੈ ਚੰਦਰਮਾ
ਇਹ ਤੇਰੇ ਵਸਲ ਖਾਤਰ ਜੋ
ਕਰੋੜਾਂ-ਕੋਹ ਦੀ ਦੂਰੀ ਤੇ ਹੱਸਦਾ ਹੈ
ਘਟਾ ਕਾਲੀ, ਗੜ੍ਹਕਦੀ, ਧੁੰਦੂਕਾਰੇ 'ਤੇ
ਬਿਜਲੀ ਦੀਆਂ ਤਾਰਾਂ ਦੇ ਜਾਲ
ਚੀਰ ਕੇ ਲੰਘ ਜਾਣ ਦੇ ਸੱਦੇ ਜੋ ਦਿੰਦਾ ਹੈ
ਤਾਂ ਇਸ ਦਾ ਦੋਸ਼ ਕੀ ਹੈ ?
ਤੁਹਾਡੇ ਦਰਦ ਦੀ ਹਰ ਚੀਸ ਦੀ ਛੋਹ ਤੇ
ਜੇ ਬਣਦਾ ਲਾਜਵੰਤੀ ਹੈ
ਸਵੇਰਾਂ ਅਤੇ ਸ਼ਾਮਾਂ ਦੀ
ਜੇਕਰ ਤਾਜ਼ਗੀ ਖਾਤਰ
ਅਗਰ ਬੱਤੀ ਵਾਂਗ ਧੁਖਦਾ ਹੈ
ਤਾਂ ਇਸ ਦਾ ਦੋਸ਼ ਕੀ ਹੈ ?
ਪਰ ਮੇਰੇ ਮਿੱਤਰ
ਅਦਾਵਾਂ ਪਰਖਦੇ ਰਹਿੰਦੇ
ਤੇ ਕਹਿੰਦੇ ਨੇ :
ਇਹ ਮੱਧਮ ਸੁਰ
ਹਲੀਮੇ ਬੋਲ
ਸਦਮੇ ਦਾ ਸੋਗ
ਬੇ-ਉਤਸਾਹਟ, ਬੁਲਾਵੇ ਦੇ ਰਹੀ ਮੁਦਰਾ
ਇਸ ਦੀਆਂ ਜਿੱਤਾਂ ਦੇ ਪਰਚਮ ਨੇ ।
ਇਹ ਉੱਚੀ-ਸੁਰ
ਇਹ ਖਰਵੇ-ਬੋਲ
ਆਸ਼ਾ ਦੀ ਧੁਨ
ਲਲਕਾਰ ਦੀ ਮੁਦਰਾ
ਕਾਫ਼ਲੇ ਦਾ ਕਰਮ ਨਹੀਂ ਕਹਿੰਦੀ,
ਗੁਜ਼ਰਦੇ ਪਲਾਂ ਦੇ ਅੰਦਰ
ਨਾ ਇਸ ਦੀ ਰੂਹ ਦਾ ਰੋਅ ਅਕਸੇ ।
ਲੱਗਦਾ ਹੈ ਮਿੱਤਰ ਸਮਝਦੇ ਨਾ
ਕਿਸੇ ਨਾਟਕ ਦਾ ਸੁਰੂ
ਚੋਟੀ ਨਹੀਂ ਹੁੰਦੀ
ਅਤੇ ਨਾ ਝਾਕੀਆਂ
ਨਾਟਕ ਹੀ ਹੁੰਦੀਆਂ ਨੇ ।
ਜੋ ਮੰਜ਼ਿਲ ਨੇ ਰਾਹ ਮੰਗੇ
ਨਜ਼ਰ ਉਸ ਦੀ ਨੇ ਕਰ ਦਿੱਤੇ......
ਦੂਰ ਦਿਸਹੱਦੇ ਦੀ ਦੂਰੀ ਤੇ
ਬਿਗਲ, ਬੈਰਕ, ਕੂਚ ਦਾ ਝਾਉਲਾ...
ਪਰ ਬਹੁਤ ਉਰਲੇ ਪੜਾਵਾਂ 'ਤੇ
ਲੰਘ ਰਹੇ ਨੇ ਕਾਫ਼ਲੇ ਹੁੰਦੇ
ਕਿਤੇ ਲਾਠੀ ਖੜੀ ਮਿਲਦੀ
ਕਿਤੇ ਬੰਦੂਕ ਤੈਨਾਇਤ... ।
ਇਹ ਰਾਹ ਹੀ ਆਖਦੇ ਨੇ
ਬੋਲ ਵਿੱਚ ਵੀ ਬਿਗਲ-ਧੁਨ ਪਾਉ

ਤੋਰ ਵਿੱਚ ਕੁੱਝ ਕੂਚ ਜਿਹਾ ਭਰਨਾ
ਮੱਥੇ ਦੀ ਲੋਅ ਦੀ ਅੱਗ ਦਿਉ ਦਿਲ ਨੂੰ
ਤੇ ਦਿਲ ਦਾ ਪਿੜ ਵੀ ਗਰਮਾਉ ।
ਜੇ ਇਹ ਇਸ ਪਿੜ 'ਚ ਨਾ ਨੱਚੇ
ਤਾਂ ਮੇਰਾ ਦਿਲ ਨਹੀਂ ਮੇਰਾ ।
ਇਹ ਦਿਲ ਉਂਜ ਤਾਂ ਅਮਾਨਤ ਹੈ ਤੁਹਾਡੀ ਹੀ
ਅਹੁਰ ਤੋਂ ਰਹਿੰਦਾ ਬਚਾਉਂਦਾ ਹਾਂ
ਮਤਾਂ ਇਹ ਰੋਗ ਲਾ ਬੈਠੇ
ਮੈਂ ਸੱਘਾ ਇਸ ਤੋਂ ਵੀ ਰਹਿੰਦਾਂ :
ਤੁਹਾਡੀ ਹਰ ਖੁਸ਼ੀ ਵਿੱਚ ਹੀ
ਭੁਕਾਨਾ ਬਣ ਉਡੇ
ਕਿਉਂਕਿ ਭੁਕਾਨਾ ਕੋਈ ਰਾਕਟ ਨਹੀਂ
ਨਾ ਹਵਾਈ-ਜਹਾਜ਼ ।
ਤੁਹਾਡੇ ਦੁੱਖ ਦੀ ਹਰ ਚੋਭ ਦੇ ਮਗਰੋਂ
ਨਾ ਚਿਪਕੀ ਟਿਊਬ ਬਣ ਜਾਵੇ
ਤੇ ਚਿਪਕੀ ਟਿਊਬ
ਨਾ ਪੈਂਡਾ ਮੁਕਾਉਂਦੀ ਹੈ ।
ਇਸੇ ਕਰਕੇ ਗੁਜ਼ਾਰਿਸ਼ ਹੈ
ਚਲੇ ਆਓ
ਮੇਰੇ ਆ ਸਿਰ ਤੇ ਸਜ ਜਾਉ
ਆਉ ਉੱਗ ਆਉ
ਕੋਈ ਬਣਕੇ ਮਸ਼ਾਲ
ਆ ਮਸਤਕ ਤੇ ਸਜ ਜਾਉ ।
ਕਿਤੇ ਨਾ ਮੰਨ ਬੈਠਾਂ
ਰੋਹ ਦੀ ਅਗਨ ਹੀ
ਮੇਰੇ ਰਾਹਾਂ ਦੀ ਜੋਤੀ ਹੈ
ਸਿਦਕ ਦੇ ਤੀਰ ਹੀ
ਮਹਾਂ-ਭਾਰਤ ਜਿੱਤ ਜਾਵਣਗੇ ।
ਤੇਰੇ ਦਰਦਾਂ ਦੀ ਸਿੱਲ੍ਹ ਵਿੱਚ,
ਮੇਰੇ ਆਪੇ ਦਾ ਧੁਖੀ ਜਾਣਾ
ਰੁੱਤ ਦੇ ਕੋਹਰੇ ਨੂੰ ਤੋੜੇਗਾ ।
ਕਿਤੇ ਨਾ ਮੰਨ ਬੈਠਾਂ
ਦਿੱਸਦੇ ਪਰਬਤ ਦਾ ਫਾਸਲਾ
ਨਜ਼ਰ ਹੀ ਠੀਕ ਮਿਣਦੀ ਹੈ ।
ਵਗਾਹ ਕੇ ਮਾਰਿਆ ਵੱਟਾਂ
ਵੱਡੀ ਨਹਿਰ ਜਾਂ ਪਰਬਤੀ ਨਾਲੇ ਦੀ
ਦਿੱਸਦੀ ਚੌੜਾਈ ਨੂੰ
ਯਕੀਨੀ ਪਾਰ ਕਰ ਜਾਊ ।
ਤਾਣ ਲਾ ਹਫਦਾ ਰਹਾਂ, ਹਫਦਾ ਰਹਾਂ ।
ਮੇਰੇ ਨਾਲ ਦੋਸਤੀ ਪਾਲ੍ਹੋ
ਤੇ ਮੇਰਾ ਸਾਥ ਬਣ ਧਾਉ
ਗੁਜ਼ਾਰਿਸ਼ ਹੈ
ਮੇਰੇ ਮਸਤਕ ਤੇ ਸਜ ਜਾਉ
ਇਹ ਮੇਰਾ ਦਿਲ ਤੁਹਾਡਾ ਹੈ
ਆ ਆਪਣੇ ਘਰ 'ਚ ਵਸ ਜਾਉ ।

o

# ਮੈਂ ਗੀਤ ਨਹੀਂ ਲਿਖਾਂਗਾ

## ਸੁਖਪਾਲ ਸਿੰਘ

ਮੈਂ ਅਜੇ ਗੀਤ ਨਹੀਂ ਲਿਖਾਂਗਾ
ਕਿ ਜਿਹਨ ਦੇ ਸੂਰਜ ਵਿਚ ਉੱਗੇ ਸ਼ਬਦ
ਅੱਜੇ ਪੱਕੇ ਨਹੀਂ !
ਕਿ ਅਜੇ ਤਾਂ ਅਰਥ ਪਿਘਲ ਜਾਂਦੇ ਹਨ
ਹਉਕਿਆਂ ਦੀ ਭਾਫ਼ ਵਿਚ !
ਅਜੇ ਤਾਂ ਸਤਰੰਗੇ ਅਸਮਾਨ ਵਿਚ
ਉੱਡਦੀ ਹੋਈ ਕੋਈ ਕੂੰਜ
ਖਾ ਜਾਂਦੀ ਹੈ ਮੇਰੇ ਵਿਹੜੇ ਉੱਗਿਆ
ਮੇਰੇ ਚਾਨਣ ਦਾ ਬੂਟਾ
ਤੇ ਮੈਂ ਧੁੱਪਾਂ ਤੋਂ ਡਰਦਾ
ਸਰਦ ਹਨ੍ਹੇਰੇ ਕਮਰੇ 'ਚ ਪਿਆ
ਹਓਕੇ ਹਾਂ ਭਰਦਾ !
ਮੈਂ ਅਜੇ ਗੀਤ ਨਹੀਂ ਲਿਖਾਂਗਾ
ਕਿ ਅਜੇ ਤਾਂ ਮੇਰੇ ਬੋਲ ਜੰਮ ਜਾਂਦੇ ਹਨ
ਹਵਾ ਵਿਚ ਧੁੰਦ ਜਿਹੀ ਬਣਕੇ !
ਕਿ ਅਜੇ ਸੀਨੇ ਦੀ ਅੱਗ ਨੂੰ
ਮਹਿਕ ਬਣ ਕੇ ਖਿੰਡਣ ਦਾ ਚੱਜ ਨਹੀਂ ਆਇਆ !
ਅਜੇ ਮੈਨੂੰ ਦਰਦ ਦਾ ਚੋਗਾ ਹੋਰ ਚੁਗਣ ਦਿਉ
ਕਿ ਅਜੇ ਮੈਨੂੰ ਮੁਸ਼ਕਲਾਂ ਸੰਗ ਰੱਜ ਨਹੀਂ ਆਇਆ !
ਮੈਂ ਗੀਤ ਨਹੀਂ ਲਿਖਾਂਗਾ
ਕਿ ਅਜੇ ਤਾਂ ਉਮਰ ਦੇ ਬੀਤ ਗਏ ਸਾਲਾਂ
ਦੀਆਂ ਕਬਰਾਂ ਦੇ ਉੱਤੇ
ਸੁਪਨਿਆਂ ਦੇ ਕਈ ਪ੍ਰੇਤ ਨੇ ਸੁੱਤੇ !
ਕਿ ਅਜੇ ਤਾਂ "ਅੱਜ" ਦੀਆਂ ਅੱਖਾਂ 'ਚ
ਉੱਗਿਆ ਨਮੋਸ਼ੀ ਦਾ ਜਾਲਾ !
ਅੱਜ ਹੈ ਸੁੰਨੇ ਖੰਡਰਾਂ ਤੋਂ ਸੁੰਨਾ
ਕੱਲ੍ਹ ਵੀ ਮੱਸਿਆ ਦੀ ਰਾਤ ਤੋਂ ਕਾਲਾ !

ਅਜੇ ਮੈਨੂੰ ਚਾਨਣੀਆਂ 'ਚ ਨਹਾਉਣ ਦਿਉ
ਅਜੇ ਮੈਨੂੰ ਧੁੱਪਾਂ ਵਿਚ ਘੁਲਣ ਦਿਉ !
ਅੰਬਰ ਦੇ ਪੱਤਣਾਂ ਤੇ ਨੱਚਣ ਦਿਉ
ਧਰਤੀ ਦੀ ਮਿੱਟੀ ਵਿਚ ਰੁਲਣ ਦਿਉ !

ਕਿ ਅਜੇ ਮੈਨੂੰ ਮਾਂ ਦੀਆਂ ਲੋਰੀਆਂ
ਵਿਆਹ ਦੀਆਂ ਘੋੜੀਆਂ
ਪਚਣ ਦਿਉ !
ਹੱਡਾਂ ਵਿਚ ਰਚ ਗਈਆ ਵਕਤ ਦੀਆਂ ਪਿਰਕਾਰਾਂ
ਗੁਰਬਤ ਦੀਆਂ ਮਾਰਾਂ,
ਕੰਨਾਂ 'ਚ ਢਲ ਗਈਆਂ
ਆਪਣੀ ਹੀ ਉਮਰ ਦੀਆਂ ਗਾਲਾਂ
ਮੈਨੂੰ ਜ਼ਬਾਨੀ ਰਟਣ ਦਿਉ !
ਕਿ ਠਹਿਰ ਗਏ ਵਕਤ ਦੀ ਛਾਤੀ ਤੇ
ਆਪਣਾ ਬਿਆਈਆਂ ਫੁੱਟਿਆ ਪੈਰ ਧਰ ਕੇ
ਲਹੂ ਥੁੱਕਦਾ ਜੋ ਬਕਦਾ ਹਾਂ ਬਕਣ ਦਿਉ !
ਜ਼ਿੰਦਗੀ ਦੀ ਕਾਲੀ ਲੱਕੜੀ ਨੂੰ
ਸੁਰਖ਼ ਅੱਗ ਵਿਚ ਵਟਣ ਦਿਉ !
ਮੈਂ ਜਦੋਂ "ਮੈਂ" ਨਹੀਂ ਦਿਖਾਂਗਾ
ਮੈਂ ਉਦੋਂ ਗੀਤ ਲਿਖਾਂਗਾ !
ਮੈਂ ਗੀਤ ਲਿਖਾਂਗਾ
ਕਿ ਲਿਖਣ ਬਿਨ ਰਹਿ ਨਹੀਂ ਸਕਾਂਗਾ !
ਮੈਂ ਗੀਤ ਲਿਖਾਂਗਾ
ਕਿ ਨਾ ਲਿਖਣ ਦੀ ਪੀੜਾ ਸਹਿ ਨਹੀਂ ਸਕਾਂਗਾ !
ਮੈਂ ਗੀਤ ਲਿਖਾਂਗਾ
ਕਿ ਪੈਰ ਦੇ ਨਹੁੰ ਤੋਂ ਲੈ ਕੇ ਸਿਰ ਦੇ ਵਾਲ ਤੱਕ
ਮੈਂ ਗੀਤ ਬਣ ਚੁੱਕਾ ਹੋਵਾਂਗਾ !
ਕਿ ਮੈਂ ਗੀਤ ਵਿਚ ਘੁੱਲ ਚੁੱਕਾ ਹੋਵਾਂਗਾ !
ਮੈਂ ਗੀਤ ਲਿਖਾਂਗਾ
ਕਿ ਮੈਂ ਗੀਤਾਂ ਦੀ ਕਤਲਗਾਹ ਵਿਚ
ਖ਼ੂਨ ਬਣ ਕੇ ਡੁੱਲ੍ਹ ਚੁੱਕਾ ਹੋਵਾਂਗਾ !

o

# ਮਰਸੀਆ

## ਸ਼ਿਵ ਦੇਵ ਸਿੰਘ

ਮੇਰੀ ਮੌਤ ਤੇ ਕੋਈ ਨਾ ਰੋਵੇ,
ਮੈਂ ਇਸ ਜਗ ਤੇ ਜਿਵੇਂ ਆਇਆਂ,
ਤਿਵੇਂ ਇਸ ਨੂੰ ਛਡ ਚਲਿਆ ਹਾਂ ।
ਲਖਾਂ ਹੋਰ ਗਰੀਬਾਂ ਵਾਂਗਰ,
ਕਈ ਅਨਛੋਈਆਂ ਸਧਰਾਂ ਲੈ ਕੇ ।
ਦੁਖਾਂ ਦੀ ਪੰਡ ਭਾਰੀ ਥੱਲੇ,
ਸਾਹ ਤੋੜ ਕੇ ਮਰ ਚਲਿਆ ਹਾਂ ।
ਮੇਰੀ ਕਿਰਿਆ ਕਰਮ ਤੋਂ ਪਿਛੋਂ,
ਮੈਨੂੰ ਕੋਈ ਨਾ ਫੂੜੀ ਪਾਵੇ ।
ਨਾ ਇਹ ਮੋਮੋਂ ਠਗਣੀ ਦੁਨੀਆਂ,
ਨਿਰਿਆਂ ਮੂੰਹ ਮਲਾਜਿਆਂ ਬਦਲੇ,
ਮੇਰੇ ਘਰ ਮਕਾਣੇ ਆਵੇ ।
ਇਕ ਦੋ ਘੜੀਆਂ ਮਰਨ ਤੋਂ ਪਹਿਲਾਂ
ਇਕ ਦੋ ਮੁਠੀਆਂ ਕਣਕ ਛੋਣ ਤੋਂ
ਜਾਨ ਬੁਜ ਕੰਨੀ ਕਤਰਾਵੇ ।
ਹੋਰ ਮੁਨਾਫਾ ਖਟਣ ਖਾਤਰ;
ਕਣਕ ਸਮੁੰਦਰਾਂ ਵਿਚ ਪਾ ਆਵੇ ।
ਮੇਰੀ ਅਰਥੀ ਉਤੇ ਕੋਈ,
ਫੁਲ ਗੁਡੀਆਂ ਬਿਲਕੁਲ ਨਾ ਲਾਵੇ ।
ਨਾ ਹੀ ਮੇਰੇ ਖਫਣ ਬਦਲੇ,
ਕੋਰੀ ਚਾਦਰ ਖਰੀਦ ਲਿਆਵੇ ।
ਸਾਰੀ ਉਮਰ ਲੀਰਾਂ ਪਾ ਕੇ,
ਗਰਮੀ ਸਰਦੀ ਝਲਦਾ ਰਿਹਾ ਹਾਂ
ਮੇਰਾ ਮੁਰਦਾ ਨੰਗਾ ਲੈ ਜਾਓ ।
ਨੰਗਾ ਮੁਰਦਾ ਵੇਖ ਕੇ ਖੌਰੇ,
ਰੱਬ ਢੀਠ ਨੂੰ ਸ਼ਰਮ ਆ ਜਾਵੇ ।
ਮੇਰੀ ਅਰਥੀ ਸਾਂਭ ਕੇ ਖੜਿਓ,
ਸਿਖਰ ਦੁਪਿਹਰੀਂ ਸੇਵੀਂ ਵੜਿਓ ।
ਜਿਸ ਵੇਲੇ ਸਭ ਰਜਵਾੜੇ,
ਚੜ ਕੇ ਸੁਤੇ ਹੋਣ ਚੁਬਾਰੇ ।
ਤਾਂ ਜੋ ਕਿਸੇ ਮਨਹੂਸ ਰਾਜੇ ਦਾ,
ਇਸ ਗਰੀਬ ਦੀ ਅਰਥੀ ਉਤੇ,
ਕਿਦਰੇ ਪੈ ਨਾ ਜਾਏ ਪਰਛਾਵਾਂ
ਤੇ ਇਕ ਜੁਗ ਮਗਰੋਂ ਸੁਖ ਨਾ ਸੁੱਤਾ
ਮੈਂ ਫਿਰ ਤਰਬਕ ਨਾ ਜਾਵਾਂ ।
ਮੇਰੀ ਮੌਤ ਤੇ ਕੋਈ ਨਾ ਰੋਵੇ
(ਕਿਉਂਕਿ) ਮੈਂ ਕਿਸੇ ਸਟਾਲਿਨ ਵਾਂਗਰ
ਇਨਕਲਾਬੀ ਮਰ ਨਹੀਂ ਸਕਿਆ ।
ਸ਼ੇਰ ਮਾਓ ਦੇ ਵਾਂਗਰ ਮੈਥੋਂ
ਕੋਈ ਦੈਂਤ ਅਮੀਰੀ ਹਰ ਨਹੀਂ ਸਕਿਆ ।
ਭਗਤ ਸਿੰਘ ਦਾ ਵੀਰ ਸਕਾ ਹਾਂ,
ਡਰਦਾ ਮੌਤ ਨੂੰ ਵਰ ਨਹੀਂ ਸਕਿਆ ।
ਭੁਖ ਤੋਂ ਮੈਨੂੰ ਜਾਨ ਪਿਆਰੀ,
ਇਸ ਲਈ ਲੜਨੋਂ ਡਰਦਾ ਰਿਹਾ ਹਾਂ ।
ਇਸੇ ਲਈ ਹੀ ਰੋਜ ਦਿਹਾੜੀ,
ਇਕ ਦੋ ਵਾਰੀ ਮਰਦਾ ਰਿਹਾ ਹਾਂ
ਜਾਂ ਕਿਸੇ ਧਰੋਈ ਡਾਂਗੋ ਵਾਂਗਰ

ਸਮੁਚੀ ਕੌਮ ਦਾ ਹਿਤ ਵੇਚ ਕੇ
ਬਿਨ ਠਪਿਓਂ ਸਾਂਠ ਸਰਕਾਰੀ
ਗਾਈ ਦੇ ਵਿਚ ਚਰਦਾ ਰਿਹਾ ਹਾਂ।
ਮੇਰੀ ਮੌਤ ਤੇ ਕੋਈ ਨਾ ਰੋਵੇ
ਮੈਂ ਕਰਾਂਤੀ ਲਈ ਕਖ ਨਹੀਂ ਕੀਤਾ
ਮੈਂ ਲੋਕਾਂ ਲਈ ਕਖ ਨਹੀਂ ਕੀਤਾ
ਮੈਨੂੰ ਰਹੀ ਹੈ ਜਾਨ ਪਿਆਰੀ
ਇਸ ਲਈ ਯਾਰੋ ਜਾਨ ਭੁਜ ਕੇ
ਮੌਤ ਵਿਆਹੁਣਾ ਜਾਮ ਨਹੀਂ ਪੀਤਾ।

o

# ਇਨਕਲਾਬ

## ਹਰਭਜਨ ਸਿੰਘ ਹੁੰਦਲ

ਇਨਕਲਾਬ
ਬੱਚੇ ਦੇ ਜਨਮ-ਦਿਨ ਤੇ ਦਿੱਤੀ
ਕੋਈ ਚਾਹ-ਪਾਰਟੀ ਨਹੀਂ,
ਨਾ ਯੂਨੀਵਰਸਿਟੀ ਦੇ ਕਾਫੀ-ਹਾਉਸ ਵਿਚ
ਸੁਣਾਇਆ ਚੁਟਕਲਾ ਹੈ।

ਇਹ ਕਿਸੇ ਭਾੜੇ ਦੇ ਕਵੀਸ਼ਰ ਵਲੋਂ
ਭਰਾ ਦੇ ਵਿਆਹ ਤੇ ਪੜ੍ਹਿਆ ਸਿਹਰਾ ਨਹੀਂ
ਨਾ ਨਵੇਂ ਵਰ੍ਹੇ ਤੇ ਮਿੱਤਰ ਨੂੰ ਭੇਜਿਆ
(ਬਰਫ ਤੋਂ ਤਿਲਕਦੀ ਕੁੜੀ ਦੀ ਤਸਵੀਰ ਵਾਲਾ)
ਸੱਤ-ਰੰਗਾ ਵਧਾਈ-ਕਾਰਡ ਹੈ।

ਇਹ ਚਿਲਕਦੀ ਧੁੱਪ ਵਿਚ
ਨੀਲੀਆਂ ਅੱਖਾਂ ਤੇ ਲਾਈ ਧੁਪ-ਐਨਕ 'ਚੋਂ
ਦਿਸਦਾ ਖੂਬਸੂਰਤ ਭੋਂ-ਦ੍ਰਿਸ਼ ਨਹੀਂ
ਨਾ ਰਾਤ ਨੂੰ ਸੁਣਾਈ
ਦਾਦੀ-ਮਾਂ ਦੀ ਪਰੀ-ਕਹਾਣੀ ਹੈ।

ਇਹ ਤਾਂ ਵਰ੍ਹਿਆਂ-ਬੱਧੀ
ਤੱਤੀ-ਤਵੀ ਤੇ ਬਹਿਣ ਦਾ ਅਹਿਦਨਾਮਾ ਹੈ
ਪੋਲ ਤੋਂ ਪੋਲ ਤੱਕ
ਤਾਰ ਤੇ ਤੁਰਨ ਦਾ ਸਿਰੜ-ਭਰਿਆ ਅਭਿਆਸ ਹੈ

ਮੌਤ ਦੀਆਂ ਅੱਖਾਂ ਵਿਚ ਅੱਖਾਂ ਪਾ
ਆਉਣ ਵਾਲੀ ਸਵੇਰ ਲਈ
ਮਰ ਜਾਣ ਦਾ ਨਿਮੰਤਰਣ ਹੈ।

ਗੁਲਾਬ ਦੇ ਮਹਿਕਾਂ-ਭਰੇ
ਗੁਲਸ਼ਨ ਨੂੰ ਜਾਂਦੀ ਲਹੂ-ਭਿੱਜੀ-ਸੜਕ ਹੈ
ਚਾਂਦਨੀ ਚੌਕ ਤੋਂ ਗੁਰਦਾਸ ਨੰਗਲ ਤੱਕ ਦਾ
ਬਿਖੜਾ ਮਾਰਗ ਹੈ

ਇਹ ਸਾਲ-ਛਿਮਾਹੀਂ ਲਈ
ਉੱਠਿਆ ਕੜ੍ਹੀ ਦਾ ਉਬਾਲ ਨਹੀਂ
ਮੱਸ ਫੁੱਟਣ ਤੋਂ ਧੌਲਿਆਂ ਤੱਕ ਦੀ
ਲੰਮੀ ਉਦਾਸੀ ਹੈ
ਤੇ ਜਿਹੜੇ ਇਸ ਉਦਾਸੀ ਤੇ ਤੁਰਦੇ ਨੇ
ਉਹਨਾਂ ਦੇ ਅੰਗ ਅੰਗ 'ਚੋਂ
ਸੂਰਜ ਦੇ ਫੁੱਲ ਖਿੜਦੇ ਨੇ।

ਇਨਕਲਾਬ
ਠੰਢੇ ਚੁੱਲ੍ਹੇ ਦੇ ਸਰ੍ਹਾਣੇ ਬੈਠੇ
ਉਦਾਸ ਚਿਹਰਿਆਂ ਦੇ ਦਰਵਾਜ਼ੇ ਤੇ ਦਿੱਤੀ
ਦੋਸਤਾਨਾ ਦਸਤਕ ਹੈ।

ਮੰਡੀ ਵਿਚ ਹਲਾਲ ਹੁੰਦੇ
ਕਿਸਾਨ ਦੇ ਹਉਕੇ ਨੂੰ ਹੁੰਗਾਰਾ ਹੈ
ਇਹ ਠਰੇ
ਧੁੰਦਾਂ-ਭਰੇ ਦਿਨਾਂ ਪਿੱਛੋਂ ਲਿਸ਼ਕਿਆ
ਸਿਆਲ ਦਾ ਨਿੱਘਾ ਸੂਰਜ ਹੈ

ਪਿਆਰੇ
ਇਨਕਲਾਬ, ਰੋਮਾਂਟਿਕ ਨਾਵਲ ਦਾ ਸੁਖਾਂਤਕ ਅੰਤ ਨਹੀਂ

ਇਹ ਪਹਾੜਾਂ, ਜੰਗਲਾਂ, ਦਲਦਲਾਂ
ਰੇਗਿਸਤਾਨਾਂ ਵਿਚ ਦੀ
ਵਰ੍ਹਦੇ ਬੰਬਾਂ, ਸ਼ੂਕਦੀਆਂ ਗੋਲੀਆਂ ਹੇਠ
ਡਿੱਗ ਡਿੱਗ ਉੱਠਦੇ, ਉੱਠ ਉੱਠ ਡਿੱਗਦੇ
ਸਾਥੀਆਂ ਦਾ ਕੀਤਾ ਚੀਨ ਦਾ ਲੰਮਾ-ਕੂਚ ਹੈ।

# ਮੁਆਫੀ ਸਾਹਿਤ ਭੁੱਲ ਦੀ ਸੋਧ

ਸਫਾ 33 ਦੇ ਦੂਜੇ ਕਾਲਮ ਵਿਚ ਤੀਸਰੀ ਲਾਈਨ ਵਿਚ ਪ੍ਰੈਸ ਦੀ ਗਲਤੀ ਕਰਕੇ ਸ਼ਬਦ 'ਕੋੜ' ਦੀ ਥਾਂ 'ਕੋਹੜ' ਛਪ ਗਿਆ ਸੀ, ਇਹ ਗਲਤੀ ਸਾਰੀ ਸੈਂਸ ਬਦਲਦੀ ਹੈ, ਮੁਆਫੀ ਸਾਹਿਤ ਇਸ ਭੁੱਲ ਦੀ ਸੋਧ ਕੀਤੀ ਜਾਂਦੀ ਹੈ, ਕਿਉਂਕਿ ਵਿਚਾਰ ਵਟਾਂਦਰੇ ਵਿਚ ਸ਼ਬਦਾਂ ਦੀ ਚੋਣ ਬੜੇ ਮੈਨੇ ਰਖਦੀ ਹੈ।

—ਸੰਪਾਦਕ

# ਨੱਥ

## ਹਰਨਾਮ ਸਿੰਘ ਨਾਜ਼

ਹੱਥਲੇ ਛਿਣ ਨੂੰ ਨਾਲ ਲੈਕੇ
ਸਰਘੀ ਦਾ ਬੁਲਾ ਲੰਘ ਗਿਆ
ਤੇ ਪੈਰਾਂ ਨੂੰ ਪਤਾ ਵੀ ਨਹੀਂ ਲੱਗਾ।
ਸਮਾਂ ਸਾਨੂੰ ਹਰ ਛਿਣ ਰੱਦ ਕੇ ਲੰਘਦਾ ਹੈ
ਤੇ ਅਸੀਂ ਖੜੇ ਸੋਚੀ ਜਾਂਦੇ ਹਾਂ, ਸੋਚੀ ਜਾਂਦੇ ਹਾਂ,
ਤੇ ਬਸ ਸੋਚੀ ਜਾਂਦੇ ਹਾਂ।

ਅਸੀਂ ਹੱਥਲੇ ਛਿਣਾਂ ਤੋਂ ਬੇਮੁੱਖ ਹੋ ਕੇ
ਲਾਰਿਆਂ ਦੇ ਬਿਰਛ ਨੂੰ
ਸਦੀਆਂ ਤੋਂ ਨਿਹਾਰਦੇ ਆਏ ਹਾਂ
ਫਲ ਦੇਵੇਗਾ, ਦੇਵੇਗਾ ਕਿ ਨਹੀਂ ?
ਕੀ ਪਤਾ ਫਲ ਮਿੱਠਾ ਹੋਵੇਗਾ ?
ਕੀ ਪਤਾ ਜ਼ਹਿਰ ਕੌੜਾ ਹੋਵੇ ?
ਕੀ ਪਤਾ ਲਾਰਿਆਂ ਦਾ ਰੁੱਖ
ਗਿਰਗਿਟ ਵਾਂਗ ਰੰਗ ਬਦਲ ਜਾਵੇ
ਛਲੇਡੇ ਦੇ ਵਾਂਗ ਕੁਝ ਹੋਰ ਹੀ ਬਣ ਬੈਠੇ।

ਛਿਣ ਜੋ ਹੱਥ ਵਿਚ ਨੇ
ਉਸਨੂੰ ਨੱਥ ਪਾਈਏ ਉਸ ਜੱਟ ਵਾਂਗ
ਜੋ ਵੱਛੇ ਨੂੰ ਨੱਥ ਪਾਉਣ ਦੇ ਲਈ ਸਿਰਫ
ਉਹਦੀ ਜਵਾਨੀ ਦੀ ਹੀ ਪਛਾਣ ਰੱਖਦਾ ਹੈ
ਤੇ ਪਾਂਧੇ ਕੋਲ ਕਦੇ ਨਹੀਂ ਜਾਂਦਾ।

ਉਹ ਨੱਥ ਪਾਉਣ ਵਾਲਾ, ਮੈਂ ਹੋ ਸਕਦਾ ਹਾਂ
ਤੂੰ ਵੀ ਤੇ ਤੁਸੀਂ ਅਸੀਂ ਸਾਰੇ ਵੀ।
ਕਿਸੇ ਅਵਤਾਰ ਨੂੰ ਉਡੀਕੋਗੇ ਜੇਕਰ
ਤਾਂ ਵੱਛਾ ਸਾਹਨ ਬਣ ਜਾਵੇਗਾ।
ਸਾਹਨ ਨੂੰ ਭਲਾ ਕਦੇ, ਕਿਸੇ ਨੇ ਨੱਥ ਪਾਈ ਹੈ ?
ਉਹ ਤਾਂ ਸੋਨੇ ਦੀ ਨੱਥ ਵੀ ਨਹੀਂ ਕਬੂਲਦਾ !
ਇਹ ਤਾਂ ਸਿਰਫ ਬੰਦੇ ਹਨ
ਤੇਰੇ ਜੈਸੇ, ਮੇਰੇ ਜੈਸੇ
ਜਿਹਨਾਂ ਦੇ ਹੱਥਾਂ 'ਚੋਂ ਛਿਣ,
ਬਾਰ ਬਾਰ ਤਿਲਕਦੇ ਜਾਂਦੇ ਨੇ।

o

# ਸਿਹਤ ਸਮੱਸਿਆਵਾਂ ਤੇ ਇਕ ਸਰਸਰੀ ਨਜ਼ਰ

ਸੰਸਾਰ ਸਿਹਤ ਸੰਸਥਾ ਦੀ ਪਰਿਭਾਸ਼ਾ ਅਨੁਸਾਰ "ਸੰਪੂਰਨ ਤੌਰ ਤੇ ਸਰੀਰਕ, ਮਾਨਸਿਕ ਤੇ ਸਮਾਜਿਕ ਤੰਦਰੁਸਤੀ ਦਾ ਹੋਣਾ ਹੀ ਸਿਹਤ ਹੈ। ਸਿਰਫ ਬਿਮਾਰੀ ਦਾ ਨਾ ਹੋਣਾ ਹੀ ਨਹੀਂ।" ਭਾਵੇਂ ਸਿਰਫ ਬਿਮਾਰੀਆਂ ਦੀ ਅਣਹੋਂਦ ਸਿਹਤ ਮਾਪਣ ਲਈ ਕਾਫੀ ਨਹੀਂ, ਫਿਰ ਵੀ ਸਿਹਤ ਮਾਪਣ ਦੇ ਹੋਰ ਪੈਮਾਨੇ ਨਾ ਹੋਣ ਕਰਕੇ ਕਿਸੇ ਕੌਮ ਦੀ ਸਿਹਤ ਦਾ ਅੰਦਾਜ਼ਾ ਲਾਉਣ ਲਈ, ਬੀਮਾਰੀਆਂ ਦੀ ਗਿਣਤੀ-ਮਿਣਤੀ ਤੇ ਹੀ ਨਿਰਭਰ ਕਰਨਾ ਪੈਂਦਾ ਹੈ। ਭਾਰਤ ਦੇ ਲੋਕਾਂ ਦੀ ਸਿਹਤ ਦਾ ਮਿਆਰ ਦੇਖਣ ਲਈ ਉਨ੍ਹਾਂ ਦੀਆਂ ਸਿਹਤ ਸਮੱਸਿਆਵਾਂ ਤੇ ਇਕ ਨਜ਼ਰ ਮਾਰਨੀ ਬਹੁਤ ਜ਼ਰੂਰੀ ਹੈ।

ਸਾਡੇ ਦੇਸ਼ ਦੇ ਲੋਕ ਅੱਜ ਵੀ ਅਨੇਕਾਂ ਅਜਿਹੀਆਂ ਬਿਮਾਰੀਆਂ ਦੇ ਬੋਝ ਹੇਠਾਂ ਦਬੇ ਪਏ ਹਨ, ਜਿਨ੍ਹਾਂ ਤੋਂ ਬਹੁਤ ਸਾਰੇ ਦੇਸ਼ਾਂ ਦੇ ਲੋਕ ਕਈ ਦਹਾਕੇ ਪਹਿਲਾਂ ਹੀ ਛੁਟਕਾਰਾ ਪਾ ਚੁੱਕੇ ਹਨ। ਉਦਾਹਰਣ ਦੇ ਤੌਰ ਤੇ ਅੱਜ ਵੀ ਮਨੁੱਖੀ ਟੱਟੀ ਤੋਂ ਫੈਲਣ ਵਾਲੀਆਂ ਬੀਮਾਰੀਆਂ ਕਾਰਨ ਸਾਡੇ ਦੇਸ਼ ਵਿਚ ਹਰ ਸਾਲ ਪੰਜ ਕਰੋੜ ਲੋਕ ਬਿਮਾਰ ਹੁੰਦੇ ਹਨ — ਜਿਨ੍ਹਾਂ ਵਿਚੋਂ ਪੰਜਾਹ ਲੱਖ ਹਰ ਸਾਲ ਮਰ ਜਾਂਦੇ ਹਨ। ਮਰਨ ਵਾਲਿਆਂ ਵਿਚੋਂ ਬਹੁਤ ਵੱਡੀ ਗਿਣਤੀ ਬੱਚਿਆਂ ਦੀ ਹੁੰਦੀ ਹੈ। ਇਨ੍ਹਾਂ ਬਿਮਾਰੀਆਂ ਵਿਚ ਮੁੱਖ ਹਨ — ਟੱਟੀਆਂ-ਉਲਟੀਆਂ, ਮਿਆਦੀ ਬੁਖਾਰ, ਪੇਟ ਦੇ ਕੀੜੇ, ਹੈਜ਼ਾ, ਪੀਲੀਆ, ਪੋਲੀਓ ਅਤੇ ਪੇਟ ਦੀਆਂ ਹੋਰ ਬਿਮਾਰੀਆਂ। ਇਨ੍ਹਾਂ ਬਿਮਾਰੀਆਂ ਦਾ ਮੁੱਖ ਕਾਰਨ ਇਹ ਹੈ ਕਿ ਸਾਡਾ ਵਾਤਾਵਰਣ ਐਨਾ ਗੰਦਾ ਹੈ ਕਿ ਮਨੁੱਖੀ ਟੱਟੀ, ਜਿਸ ਵਿਚ ਇਨ੍ਹਾਂ ਬਿਮਾਰੀਆਂ ਦੇ ਕੀਟਾਣੂ ਹੁੰਦੇ ਹਨ, ਸਾਡੇ ਸਭ ਦੇ ਮੂੰਹ ਤਕ ਪਹੁੰਚਣ ਵਿਚ ਕਾਮਯਾਬ ਹੋ ਜਾਂਦੀ ਹੈ। ਇਸ ਨੂੰ ਰੋਕਣ ਲਈ ਮਲ-ਮੂਤਰ ਦੇ ਨਿਕਾਸ ਦਾ ਯੋਗ ਪ੍ਰਬੰਧ, ਪੀਣ ਵਾਲੇ ਪਾਣੀ ਦਾ ਵਧੀਆ ਪ੍ਰਬੰਧ ਤੇ ਵਾਤਾਵਰਣ ਦਾ ਸਾਫ ਸੁਥਰਾ ਹੋਣਾ ਜ਼ਰੂਰੀ ਹੈ।

ਦੂਜਾ ਵੱਡਾ ਗਰੁੱਪ ਸਾਹ-ਪ੍ਰਣਾਲੀ ਦੀਆਂ ਬੀਮਾਰੀਆਂ ਹਨ ਜਿਨ੍ਹਾਂ ਵਿਚ ਮੁੱਖ ਹਨ-ਨਿਊਮੋਨੀਆਂ, ਖਸਰਾ, ਛੋਟੀ ਮਾਤਾ, ਬਰਾਕਾਈਟਸ ਅਤੇ ਤਪਦਿਕ (ਟੀ. ਬੀ.) ਆਦਿ। ਇਕੱਲੀ ਟੀ. ਬੀ. ਨਾਲ ਸਾਡੇ ਦੇਸ਼ ਦੇ ਇਕ ਕਰੋੜ ਤੋਂ ਵੀ ਵੱਧ ਲੋਕ ਬਿਮਾਰ ਹਨ; ਜਿਨ੍ਹਾਂ ਵਿਚੋਂ ਸਰਕਾਰੀ ਅੰਕੜਿਆਂ ਅਨੁਸਾਰ ਪੰਜ ਲੱਖ ਲੋਕ ਹਰ

ਸਾਲ ਮਰ ਜਾਂਦੇ ਹਨ। ਪਿਛਲੇ ਤੀਲ ਸਾਲਾਂ ਤੋਂ ਟੀ.ਬੀ. ਦੀਆਂ ਦੁਆਈਆਂ 'ਮੁਫਤ' ਵੰਡਣ ਦੇ ਸਰਕਾਰੀ ਦਾਅਵੇ ਦੇ ਬਾਵਜੂਦ ਹਾਲਤ ਉਥੇ ਦੀ ਉਥੇ ਹੈ। ਲੱਖਾਂ ਦੀ ਗਿਣਤੀ ਵਿਚ ਲੋਕ (ਜਿਨ੍ਹਾਂ ਵਿਚੋਂ ਬਹੁਤੇ ਬੱਚੇ ਹੁੰਦੇ ਹਨ) ਹਰ ਸਾਲ ਨਿਉਮੋਨੀਏ ਦੀ ਬਲੀ ਚੜ੍ਹ ਜਾਂਦੇ ਹਨ। ਇਨ੍ਹਾਂ ਬਿਮਾਰੀਆਂ ਦੇ ਮੁੱਖ ਕਾਰਨ ਹਨ — ਗ਼ਰੀਬੀ, ਮਾੜੀ ਖ਼ੁਰਾਕ, ਸਰੀਰਕ ਕਮਜ਼ੋਰੀ ਸਿਲ੍ਹੇ ਭੀੜ ਘਰ ਆਦਿ ਜੋ ਘਟਣ ਦੇ ਬਜਾਏ ਸਗੋਂ ਵਧ ਰਹੇ ਹਨ।

ਇਨ੍ਹਾਂ ਤੋਂ ਇਲਾਵਾ ਛੂਤ-ਛਾਤ ਦੀਆਂ ਹੋਰ ਮੁੱਖ ਬਿਮਾਰੀਆਂ ਹਨ — ਮਲੇਰੀਆ, ਫਾਈਲੇਰੀਆ, ਕੋਹੜ, ਚਮੜੀ ਰੋਗ, ਲਿੰਗ ਰੋਗ, ਤੇ ਹੋਰ ਅਨੇਕਾਂ ਬਿਮਾਰੀਆਂ ਜਿਨ੍ਹਾਂ ਤੋਂ ਕਰੋੜਾਂ ਲੋਕ ਪੀੜਤ ਹਨ। ਇਕ ਕਰੋੜ ਚਾਲੀ ਲੱਖ ਲੋਕ ਇਕੱਲੇ ਫਾਈਲੇਰੀਏ ਦੀ ਬਿਮਾਰੀ ਦਾ ਅਤੇ ਬੱਤੀ ਲੱਖ ਕੋਹੜ ਦੀ ਬਿਮਾਰੀ ਦਾ ਸ਼ਿਕਾਰ ਹਨ : ਦੋ ਕਰੋੜ ਤੋਂ ਵੱਧ ਲੋਕ ਲਿੰਗ ਰੋਗਾਂ ਨਾਲ ਪੀੜਤ ਹਨ। ਮਲੇਰੀਏ ਤੇ ਚਮੜੀ ਰੋਗਾਂ ਦਾ ਤਾਂ ਕੋਈ ਅੰਤ ਹੀ ਨਹੀਂ। ਪੰਜਾਬ ਵਿਚ ਹੋਏ ਇਕ ਸਰ-ਵੇਖਣ ਅਨੁਸਾਰ ਪ੍ਰਤੀ ਵਿਅਕਤੀ ਹਰ ਸਾਲ ਮਲੇਰੀਏ ਦੇ ਦੋ ਅਟੈਕ ਹੁੰਦੇ ਹਨ। ਚਾਰੇ ਪਾਸੇ ਖੜਾ ਪਾਣੀ, ਗੰਦਗੀ ਤੇ ਮੱਛਰਾਂ ਦੀ ਭਰਮਾਰ ਇਸ ਦੇ ਜ਼ਿੰਮੇਵਾਰ ਹਨ।

ਸਮਾਜਵਾਦੀ ਦੇਸ਼ਾਂ ਵਿਚ ਅਤੇ ਕਾਫੀ ਹੱਦ ਤਕ ਉੱਨਤ ਸਰਮਾਏਦਾਰ ਦੇਸ਼ਾਂ ਵਿਚ ਇਨ੍ਹਾਂ ਬਿਮਾਰੀਆਂ ਤੇ ਕਾਬੂ ਪਾ ਲਿਆ ਗਿਆ ਹੈ। ਚੀਨ ਨੇ ਵੀ ਜੋ ਕਿ ਸਾਥੋਂ ਦੋ ਸਾਲ ਬਾਅਦ ਅਜ਼ਾਦ ਹੋਇਆ, ਇਨ੍ਹਾਂ ਬਿਮਾਰੀਆਂ ਤੇ ਕਾਬੂ ਪਾ ਲਿਆ ਹੈ। ਪਿਛਲੇ ਪੰਦਰਾਂ ਸਾਲਾਂ ਤੋਂ ਉਥੇ ਟੀ. ਬੀ. ਨਾਲ ਇਕ ਵੀ ਮੌਤ ਨਹੀਂ ਹੋਈ ਤੇ ਲਿੰਗ ਰੋਗ, ਜਿਹੜੇ ਕਿ ਉੱਨਤ ਸਰਮਾਏਦਾਰ ਦੇਸ਼ਾਂ ਵਿਚ ਤੇਜ਼ੀ ਨਾਲ ਵਧ ਰਹੇ ਹਨ, ਦਾ ਨਾਮੋ-ਨਿਸ਼ਾਨ ਮਿੱਟਾ ਦਿਤਾ ਗਿਆ ਹੈ। ਇਹ ਬਿਮਾਰੀਆਂ ਹੁਣ ਮੁੱਖ ਤੌਰ ਤੇ ਤੀਜੀ ਦੁਨੀਆਂ ਦੇ ਪਛੜੇ ਸਰਮਾਏਦਾਰ ਦੇਸ਼ਾਂ ਦੀਆਂ ਬਿਮਾਰੀਆਂ ਹਨ।

ਬਿਮਾਰੀਆਂ ਦਾ ਤੀਜਾ ਵਡਾ ਗਰੁੱਪ ਹੈ — ਖ਼ੁਰਾਕੀ ਤੱਤਾਂ ਦੀ ਘਾਟ ਕਾਰਨ ਹੁੰਦੀਆਂ ਬਿਮਾਰੀਆਂ। ਸਾਡੇ ਦੇਸ਼ ਦੇ ਅੱਧੀ ਫੀ ਸਦੀ ਤੋਂ ਵੀ ਵਧ ਲੋਕਾਂ ਨੂੰ ਸੰਤੁਲਤ ਖ਼ੁਰਾਕ ਨਹੀਂ ਮਿਲ ਰਹੀ। ਜਿਸ ਦਾ ਮਾੜਾ ਅਸਰ ਉਨ੍ਹਾਂ ਦੇ ਸਰੀਰ ਤੇ ਪੈਂਦਾ ਹੈ। ਇਨ੍ਹਾਂ ਵਿਚ ਬਹੁਤ ਸਾਰੇ ਲੋਕਾਂ ਨੂੰ ਖ਼ੁਰਾਕੀ ਤੱਤਾਂ ਦੀ ਘਾਟ, ਬਿਮਾਰੀਆਂ ਦੀ ਸ਼ਕਲ ਵਿਚ ਪ੍ਰਗਟ ਹੁੰਦੀ ਹੈ। ਇਸ ਤੋਂ ਇਲਾਵਾ ਸੰਤੁਲਤ ਖ਼ੁਰਾਕ ਨਾ ਮਿਲਣ ਕਰਕੇ ਹੋਰ ਬਿਮਾਰੀਆਂ ਲੱਗਣ ਦੀ ਸੰਭਾਵਨਾ ਕਾਫੀ ਵਧ ਜਾਂਦੀ ਹੈ ਅਤੇ ਉਸ ਤੋਂ ਹੋਣ ਵਾਲਾ ਨੁਕਸਾਨ ਵੀ। ਉਦਾਹਰਣ ਦੇ ਤੌਰ ਤੇ ਖਸਰਾ ਹੋ ਜਾਣ ਤੇ ਸੰਤੁਲਤ ਖ਼ੁਰਾਕ ਖਾਣ ਵਾਲੇ ਬੱਚਿਆਂ ਵਿਚ ਮੌਤ ਦੀ ਦਰ ਇਕ ਲੱਖ ਮਰੀਜ਼ਾਂ ਪਿਛੇ 0.6 ਹੈ। ਜਦੋਂ ਕਿ ਮਾੜੀ ਖ਼ੁਰਾਕ ਖਾਣ ਵਾਲੇ ਬੱਚਿਆਂ ਵਿਚ ਇਕ ਲੱਖ ਵਿਚੋਂ ਪੰਜ ਹਜ਼ਾਰ ਬੱਚੇ ਮਰ ਜਾਂਦੇ ਹਨ।

ਭਾਰਤ ਵਿਚ ਇਕ ਕਰੋੜ ਤੋਂ ਵੱਧ ਲੋਕ ਆਪਣੀਆਂ ਅੱਖਾਂ ਤੋਂ ਹੱਥ ਧੋ ਚੁੱਕੇ ਹਨ। ਇਨ੍ਹਾਂ ਵਿਚ ਬਹੁਤੇ ਰੋਕਣ-ਯੋਗ ਜਾਂ ਇਲਾਜ-ਯੋਗ ਬਿਮਾਰੀਆਂ ਕਾਰਨ ਅੰਨ੍ਹੇ ਹੋਏ ਹਨ। ਇਨ੍ਹਾਂ ਵਿਚੋਂ ਇਕ ਲੱਖ ਇਕੱਲੇ ਵਿਟਾਮਿਨ ਏ ਦੀ ਘਾਟ ਕਾਰਨ ਆਪਣੀ ਨਜ਼ਰ ਗੁਆ ਚੁੱਕੇ ਹਨ — ਜਿਸ ਨੂੰ ਰੋਕਣ ਲਈ ਸਿਰਫ ਅੱਠ ਆਨੇ ਪ੍ਰਤੀ ਸਾਲ ਦੀ ਦੁਆਈ ਦੀ ਲੋੜ ਹੈ।

ਜਿਸ ਤਰ੍ਹਾਂ ਸਿਰ ਦੁਖਣਾ, ਹੱਥ ਪੈਰ ਟੁੱਟਣੇ ਜਾਂ ਬੁਖ਼ਾਰ ਚੜ੍ਹਨਾ ਆਪਣੇ ਆਪ ਵਿਚ ਬਿਮਾਰੀਆਂ ਨਹੀਂ, ਸਗੋਂ ਕਿਸੇ ਬੀਮਾਰੀ ਦੇ ਲੱਛਣ ਹੁੰਦੇ ਹਨ। ਇਸੇ ਤਰ੍ਹਾਂ ਉਪਰ ਦਿੱਤੀਆਂ ਬਿਮਾਰੀਆਂ ਆਪਣੇ ਆਪ ਵਿਚ ਬਿਮਾਰੀਆਂ ਨਹੀਂ, ਸਗੋਂ ਕੁਝ ਸਮਾਜਿਕ-ਆਰਥਿਕ ਬਿਮਾਰੀਆਂ ਦੇ ਲੱਛਣ ਹਨ, ਜਿਨ੍ਹਾਂ ਵਿਚੋਂ ਮੁੱਖ ਹਨ — ਗਰੀਬੀ, ਬੇ-ਰੁਜ਼ਗਾਰੀ, ਨੀਮ — ਬੇ-ਰੁਜ਼ਗਾਰੀ, ਭੁੱਖ-ਮਰੀ, ਗੰਦਗੀ, ਅਨਪੜ੍ਹਤਾ, ਰਹਿਣ ਤੇ ਕੰਮ ਕਰਨ ਦੀਆਂ ਬੇ-ਹੱਦ ਮਾੜੀਆਂ ਹਾਲਤਾਂ ਅਤੇ ਯੋਗ ਸਿਹਤ ਸੇਵਾਵਾਂ ਦੀ ਅਣਹੋਂਦ ਆਦਿ। ਜੇ ਹੋਰ ਵੀ ਡੂੰਘਾਈ ਨਾਲ ਵੇਖੀਏ ਤਾਂ ਇਹ ਬਿਮਾਰੀਆਂ ਵੀ ਇਕ ਖਾਸ ਤਰ੍ਹਾਂ ਦੀ ਸਮਾਜਿਕ-ਆਰਥਕ ਵਿਵਸਥਾ ਦੇ ਲੱਛਣ ਹਨ—ਜਿਸ ਨੂੰ ਕਿ ਪਛੜਿਆ ਜਾਂ ਨਵਬਸਤੀਵਾਦੀ ਪੂੰਜੀਵਾਦ ਕਹਿੰਦੇ ਹਨ।

ਕਿਸੇ ਦੇਸ਼ ਵਿਚ ਸਰੀਰਕ ਬਿਮਾਰੀਆਂ ਨੂੰ ਉਥੋਂ ਦੀਆਂ ਸਮਾਜਿਕ-ਆਰਥਕ ਹਾਲਤਾਂ ਤੋਂ ਤੋੜ ਕੇ ਨਾ ਤਾਂ ਸਮਝਿਆ ਜਾ ਸਕਦਾ ਹੈ ਅਤੇ ਨਾਂ ਹੀ ਹੱਲ ਕੀਤਾ ਜਾ ਸਕਦਾ ਹੈ। ਸਰੀਰਕ ਬਿਮਾਰੀਆਂ ਅਤੇ ਸਮਾਜਿਕ-ਆਰਥਕ ਬਿਮਾਰੀਆਂ ਕਿਸੇ ਦੇਸ਼ ਵਿਚ ਇਕੱਠੀਆਂ ਹੀ ਪੈਦਾ ਹੁੰਦੀਆਂ ਹਨ, ਇਕੱਠੀਆਂ ਹੀ ਵਿਚਰਦੀਆਂ ਹਨ ਅਤੇ ਇਕੱਠੀਆਂ ਹੀ ਖਤਮ ਹੁੰਦੀਆਂ ਹਨ ਜਿਵੇਂ ਕਿ ਸਮਾਜਵਾਦੀ ਦੇਸ਼ਾਂ ਦਾ ਤਜਰਬਾ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ।

ਛੂਤ-ਛਾਤ ਅਤੇ ਖ਼ੁਰਾਕ ਦੀ ਕਮੀ ਕਰਕੇ ਹੋਣ ਵਾਲੀਆਂ ਬਿਮਾਰੀਆਂ ਤੋਂ ਬਾਅਦ ਦੂਜਾ ਮੁੱਖ ਗਰੁੱਪ ਹੈ ਜਿਸ ਨੂੰ ਆਧੁਨਿਕ ਬਿਮਾਰੀਆਂ ਵੀ ਕਿਹਾ ਜਾਂਦਾ ਹੈ। ਇਹ ਬਿਮਾਰੀਆਂ ਪਹਿਲਾਂ ਘੱਟ ਸਨ ਪਰ ਹੁਣ ਪਿਛਲੀ ਇਕ ਸਦੀ ਤੋਂ ਬੇ-ਹੱਦ ਤੇਜ਼ੀ ਨਾਲ ਵਧ ਰਹੀਆਂ ਹਨ। ਇਹ ਬਿਮਾਰੀਆਂ ਉਨਤ ਸਰਮਾਏਦਾਰ ਦੇਸ਼ਾਂ ਵਿਚ ਪਛੜੇ ਸਰਮਾਏਦਾਰ ਦੇਸ਼ਾਂ ਨਾਲੋਂ ਵੀ ਜ਼ਿਆਦਾ ਤੇਜ਼ੀ ਨਾਲ ਵਧ ਰਹੀਆਂ ਹਨ। ਇਨ੍ਹਾਂ ਵਿਚ ਮੁੱਖ ਹਨ-ਕੈਂਸਰ, ਦਿਲ ਤੇ ਖ਼ੂਨ-ਨਾੜੀਆਂ ਦੀਆਂ ਬਿਮਾਰੀਆਂ, ਬਲੱਡ-ਪ੍ਰੈਸ਼ਰ,

ਸ਼ੂਗਰ, ਪੇਟ ਦੇ ਫੋੜੇ, ਮਾਨਸਕ ਬਿਮਾਰੀਆਂ, ਐਕਸੀਡੈਂਟ, ਹਿੰਸਾ ਅਤੇ ਬਲਾਤਕਾਰ ਆਦਿ। ਸਾਡੇ ਦੇਸ਼ ਵਿਚ ਚਾਰ ਲੱਖ ਲੋਕ ਕੈਂਸਰ ਦੇ ਮਰੀਜ਼ ਹਨ, ਜਿਨ੍ਹਾਂ ਵਿਚੋਂ ਹਰ ਸਾਲ ਦੋ ਲੱਖ ਮਰ ਜਾਂਦੇ ਹਨ। ਆਮ ਲੋਕਾਂ ਦਾ ਇਹ ਵਿਸ਼ਵਾਸ਼ ਹੈ ਕਿ ਕੈਂਸਰ ਨਾ ਤਾਂ ਹੋਣ ਤੋਂ ਰੋਕੀ ਜਾ ਸਕਦੀ ਹੈ ਤੇ ਨਾ ਹੀ ਹੋ ਜਾਣ ਤੇ ਇਸ ਦਾ ਕੋਈ ਖਾਸ ਇਲਾਜ ਹੈ। ਇਹ ਵਿਸ਼ਵਾਸ਼ ਕਾਫੀ ਹੱਦ ਤੱਕ ਗਲਤ ਹਨ। ਇਹ ਠੀਕ ਹੈ ਕਿ ਕੈਂਸਰ ਨੂੰ ਰੋਕਣ ਲਈ ਕੋਈ ਖਾਸ ਦੁਆਈ ਜਾਂ ਟੀਕਾ ਨਹੀਂ ਅਤੇ ਨਾ ਹੀ ਵਧੀ ਹੋਈ ਕੈਂਸਰ ਦਾ ਕੋਈ ਤਸੱਲੀ ਬਖਸ਼ ਇਲਾਜ ਹੈ। ਪਰ ਕੈਂਸਰ ਦੇ ਬਹੁਤ ਸਾਰੇ ਕਾਰਨ ਖਤਮ ਕੀਤੇ ਜਾ ਸਕਦੇ ਹਨ ਜਿਵੇਂ ਕਿ ਵਾਤਾਵਰਣ ਦਾ ਗੰਧਲਾਪਣ (ਕੈਂਸਰ ਪੈਦਾ ਕਰਨ ਵਾਲੇ ਤੱਤਾਂ ਦਾ ਹੋਣਾ) ਸਰੀਰ ਦੀ ਸੁਰੱਖਿਆ ਵਿਧੀ ਦੀ ਕਮਜ਼ੋਰੀ (ਸੰਤੁਲਤ ਖੁਰਾਕ ਨਾ ਮਿਲਣ, ਮਾਨਸਕ ਤਨਾਅ ਤੇ ਹੋਰ ਕਾਰਨਾਂ ਕਰਕੇ), ਪ੍ਰਮਾਣੂ ਤਜਰਬੇ ਤੇ ਧਮਾਕੇ ਅਤੇ ਐਕਸਰੇ ਦੀ ਬੇਲੋੜੀ ਵਰਤੋਂ ਆਦਿ। ਪਰ ਇਨਾਂ ਸਮਾਜਿਕ-ਆਰਥਕ ਕਾਰਨਾਂ ਲਈ ਰਾਜ ਕਰਦਾ ਜਮਾਤਾਂ ਖੁਦ ਜਿੰਮੇਂਵਾਰ ਹਨ ਅਤੇ ਇਨਾਂ ਨੂੰ ਖਤਮ ਕਰਨ ਲਈ ਉਨਾਂ ਦੇ ਹਿੱਤਾਂ ਨੂੰ ਸੱਟ ਵੱਜਦੀ ਹੈ। ਇਸ ਕਰਕੇ ਉਹ ਜਾਣ ਬੁੱਝ ਕੇ ਇਨਾਂ ਕਾਰਨਾਂ ਨੂੰ ਲੋਕਾਂ ਦੀ ਚੇਤਨਾ ਦਾ ਹਿੱਸਾ ਨਹੀਂ ਬਨਣ ਦਿੰਦੇ। ਇਸੇ ਤਰ੍ਹਾਂ ਜੇ ਲੋਕਾਂ ਦੀ ਸਿਹਤ ਦੀ ਨਿਗਰਾਨੀ ਤੇ ਲਗਾਤਾਰ ਦੇਖ ਭਾਲ ਕਰਨ ਵਾਲੀਆਂ ਲੋਕ-ਪੱਖੀ ਸਿਹਤ ਸੇਵਾਵਾਂ ਹੋਣ ਤਾਂ ਬਹੁ-ਗਿਣਤੀ ਕੈਂਸਰ ਦੇ ਮਰੀਜਾਂ ਦਾ ਪਤਾ ਬਿਮਾਰੀ ਦੇ ਲਾ-ਇਲਾਜ ਹੋਣ ਤੋਂ ਪਹਿਲਾਂ ਹੀ ਲੱਗ ਸਕਦਾ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਦਾ ਇਲਾਜ ਹੋ ਸਕਦਾ ਹੈ।

ਬਲੱਡ-ਪ੍ਰੈਸ਼ਰ ਦਿਲ ਅਤੇ ਖੂਨ ਨਾੜੀਆਂ ਦੀਆਂ ਬਿਮਾਰੀਆਂ, ਉਨਤ ਅਤੇ ਪਛੜੇ ਦੋਹਾਂ ਤਰ੍ਹਾਂ ਦੇ ਸਰਮਾਏਦਾਰ ਦੇਸ਼ਾਂ ਵਿਚ ਦਿਨ-ਬ-ਦਿਨ ਵਧ ਰਹੀਆਂ ਹਨ। ਇਨਾਂ ਬਿਮਾਰੀਆਂ ਦੇ ਮੁੱਖ ਕਾਰਨਾਂ ਵਿਚ ਹਨ— ਮਾਨਸਕ ਤਨਾਅ, ਕਸਰਤ ਨਾ ਕਰਨਾ, ਮੋਟਾਪਾ, ਸਿਗਰਟ-ਬੀੜੀ ਪੀਣਾ ਅਤੇ ਸ਼ਰਾਬ ਪੀਣਾ ਆਦਿ। ਇਨਾਂ ਵਿਚੋਂ ਸਭ ਤੋਂ ਵੱਡਾ ਹਿੱਸਾ ਸਿੱਧਾ ਮਾਨਸਕ ਤਨਾਅ ਦਾ ਹੈ ਅਤੇ ਬਾਕੀ ਗੱਲਾਂ ਵਿਚ ਵੀ ਮਾਨਸਕ ਤਨਾਅ ਅਸਿੱਧੇ ਤੌਰ ਤੇ ਜਿੰਮੇਂਵਾਰ ਹੈ। ਮਾਨਸਕ ਤਨਾਅ ਨਾਲ ਜੁੜੀਆਂ ਹੋਰ ਮੁੱਖ ਬਿਮਾਰੀਆਂ ਹਨ—ਪੇਟ ਜਾਂ ਅੰਤੜੀਆਂ ਦੇ ਫੋੜੇ, ਸ਼ੂਗਰ, ਗਠੀਆ, ਚਮੜੀ-ਰੋਗ, ਹਿੰਸਾ, ਐਕਸੀਡੈਂਟ ਨਸ਼ਿਆਂ ਦੀ ਵਰਤੋਂਵਾਤ ਰੋਗ (ਹਿਸਟੀਰੀਆ) ਅਤੇ ਮਾਨਸਕ ਬਿਮਾਰੀਆਂ। ਇਸ ਤੋਂ ਇਲਾਵਾ ਮਾਨਸਕ ਤਨਾਅ ਸਰੀਰ ਦਾ ਸੁਰੱਖਿਆ ਵਿਧੀ (ਡੀਫੈਂਸ ਮੈਕਨਿਜ਼ਮ) ਨੂੰ ਕਮਜ਼ੋਰ ਕਰਦਾ ਹੈ, ਜਿਸ ਕਰਕੇ ਸਰੀਰ ਦੀ ਬਾਕੀ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਵੀ ਘਟ ਜਾਂਦੀ ਹੈ। ਪਰ ਮਾਨਸਕ ਤਨਾਅ ਦਾ ਕਾਰਨ ਕੀ ਹੈ ? ਇਹ ਵਧ ਕਿਉਂ ਰਿਹਾ ਹੈ ? ਮੈਡੀਕਲ ਕਾਲਜਾਂ, ਦੂਜੇ ਕਾਲਜਾਂ, ਸਕੂਲਾਂ ਅਤੇ ਜਨ ਸੰਚਾਰ ਸਾਧਨਾਂ ਰਾਂਹੀਂ ਇਹ ਪ੍ਰਚਾਰਿਆ ਜਾਂਦਾ ਹੈ ਕਿ ਮਾਨਸਕ ਤਨਾਅ ਅਤੇ ਉਸ ਨਾਲ ਜੁੜੀਆਂ ਬਿਮਾਰੀਆਂ ਸਾਰੇ ਦੇਸ਼ਾਂ ਵਿਚ ਹੀ ਵੱਧ ਰਹੀਆਂ ਹਨ ਅਤੇ ਇਸ ਦਾ ਕੋਈ ਕਾਰਨ ਪਤਾ ਨਹੀਂ। ਪਰ ਦੇਸ਼ ਗਿਣਨ ਲੱਗੇ ਇਹ ਸਮਾਜਵਾਦੀ ਦੇਸ਼ਾਂ ਨੂੰ ਛੱਡ ਦਿੰਦੇ ਹਨ; ਕਿਉਂਕਿ ਉਥੇ ਤਾਂ ਇਨਾਂ ਬਿਮਾਰੀਆਂ ਦਾ ਵਧਣਾ ਤਾਂ ਇਕ ਪਾਸੇ ਰਿਹਾ ਇਹ ਬਿਮਾਰੀਆਂ ਜਾਂ ਤਾਂ ਲੱਗ ਪਗ ਖਤਮ ਹੋ ਚੁੱਕੀਆਂ ਹਨ ਜਾਂ ਬੜੀ ਤੇਜੀ ਨਾਲ ਘਟ ਰਹੀਆਂ ਹਨ। ਅਸਲੀਅਤ ਇਹ ਹੈ ਕਿ ਮਾਨਸਕ ਤਨਾਅ ਅਤੇ ਉਸ ਨਾਲ ਜੁੜੀਆਂ ਬਿਮਾਰੀਆਂ ਇਕ ਖਾਸ ਤਰ੍ਹਾਂ ਦੀ ਸਮਾਜਕ-ਆਰਥਕ ਵਿਵਸਥਾ ਦੀ ਪੈਦਾਵਾਰ ਹਨ ਅਤੇ ਇਸ ਦੇ ਖ਼ਾਤਮੇ ਨਾਲ ਹੀ ਖਤਮ ਹੋ ਜਾਂਦੀਆਂ ਹਨ।

ਇਨ੍ਹਾਂ ਸਰੀਰਕ, ਮਾਨਸਕ ਅਤੇ ਸਮਾਜਿਕ-ਆਰਥਕ ਬਿਮਾਰੀਆਂ ਦਾ ਬੋਝ ਨਾ ਸਹਾਰਦੇ ਹੋਏ ਸਾਡੇ ਦੇਸ਼ ਦੇ ਕਾਫੀ ਲੋਕ ਹਰ ਸਾਲ ਦਮ ਤੋੜ ਜਾਦੇ ਹਨ। ਹਿੰਦੁਸਤਾਨ ਵਿਚ ਪੈਦਾ ਹੋਣ ਵਾਲੇ ਇਕ ਚੌਥਾਈ ਬੱਚੇ ਜੁਆਨ ਹੋਣ (18 ਸਾਲ) ਤੋਂ ਪਹਿਲਾਂ ਹੀ ਮਰ ਜਾਂਦੇ ਹਨ। ਸੌ ਵਿਚੋਂ ਤੇਰਾਂ ਬਚਿਆਂ ਨੂੰ ਆਪਣਾ ਪਹਿਲਾ ਜਨਮ ਦਿਨ ਵੀ ਦੇਖਣਾ ਨਸੀਬ ਨਹੀਂ ਹੁੰਦਾ। ਸਾਡੇ ਦੇਸ਼ ਵਿਚ ਮੌਤ ਦਰ 15 ਪ੍ਰਤੀ ਹਜ਼ਾਰ, ਪ੍ਰਤੀ ਸਾਲ ਹੈ, ਜਦੋਂ ਕਿ ਬਹੁਤ ਸਾਰੇ ਦੇਸ਼ਾਂ (ਚੀਨ ਸਣੇ) ਜਿਥੇ ਇਨ੍ਹਾਂ ਬਿਮਾਰੀਆਂ ਤੇ ਕਾਬੂ ਪਾ ਲਿਆ ਗਿਆ ਹੈ ਮੌਤ ਦਰ ਸੱਤ ਤੋਂ ਵੀ ਘਟ ਹੈ। ਸਾਡੇ ਹਰ ਦੇਸ਼ ਵਾਸੀ ਦੀ ਔਸਤ ਉਮਰ ਅੱਜ ਵੀ ਇਨ੍ਹਾਂ ਦੇਸ਼ਾਂ ਨਾਲੋਂ 15-20 ਸਾਲ ਘੱਟ ਹੈ।

ਆਓ ਹੁਣ ਜ਼ਰਾ ਸਾਡੀਆਂ ਸਿਹਤ ਸੇਵਾਵਾਂ ਤੇ ਵੀ ਇਕ ਝਾਤ ਮਾਰੀਏ। ਸਾਡੀ ਸਰਕਾਰ ਸਿਹਤ ਤੇ ਕੁਲ ਬਜਟ ਦਾ 1.9 ਫੀ ਸਦੀ ਖਰਚ ਕਰ ਰਹੀ ਹੈ (ਇਸ ਵਿਚੋਂ ਵੀ ਕਿੰਨਾ ਕੁ ਲੋਕਾਂ ਤੱਕ ਪਹੁੰਚਦਾ ਹੈ ਉਸ ਨੂੰ ਇਕ ਵਾਰੀ ਭੁੱਲ ਜਾਈਏ) ਸਮਾਜਵਾਦੀ ਦੇਸ਼ਾਂ ਵਿਚ ਵੀਹ ਫੀ ਸਦੀ ਤੇ ਉੱਨਤ ਸਰਮਾਏਦਾਰ ਦੇਸ਼ਾਂ ਵਿਚ ਦਸ ਤੋਂ ਪੰਦਰਾਂ ਫੀ ਸਦੀ ਸਿਹਤ ਉਪਰ ਖਰਚਿਆ ਜਾਂਦਾ ਹੈ। ਛੇਵੀਂ ਪੰਜ ਸਾਲਾ ਯੋਜਨਾ ਵਿਚ ਇਕ ਵਿਅਕਤੀ ਦੀ ਸਿਹਤ ਲਈ ਸਿਰਫ ਚਾਰ ਰੁਪਏ ਪ੍ਰਤੀ ਸਾਲ ਰੱਖੇ ਗਏ ਹਨ। ਇਸ ਨਗੂਣੇ ਬਜਟ ਵਿਚੋਂ ਵੀ ਵੱਡਾ ਹਿੱਸਾ ਪੀ. ਜੀ. ਆਈ. ਵਰਗੇ ਵੱਡੇ ਵੱਡੇ ਹਸਪਤਾਲਾਂ ਵਿਚ ਲੱਖਾਂ ਕਰੋੜਾਂ ਦੀਆਂ ਮਹਿੰਗੀਆਂ 'ਆਧੁਨਿਕ' ਮਸ਼ੀਨਾਂ ਲਾਉਣ ਤੇ ਖਰਚ ਦਿਤਾ ਜਾਂਦਾ ਹੈ, ਜਿਨ੍ਹਾਂ ਦਾ ਫਾਇਦਾ ਸਿਰਫ ਚੰਦ ਅਮੀਰਾਂ, ਅਫਸਰ ਸ਼ਾਹੀ ਤੇ ਰਾਜਨੀਤਕ ਬਾਸਾਂ ਨੂੰ

ਹੀ ਹੁੰਦਾ ਹੈ। ਇਹ ਉਸ ਸਰਕਾਰ ਦਾ ਬਜਟ ਹੈ ਜੋ ਸੰਸਾਰ ਸਿਹਤ ਸੰਸਥਾ ਦੇ ਉਸ ਐਲਾਨ ਨਾਮੇ ਦਾ ਹਿੱਸਾ ਹੈ ਜਿਸ ਵਿਚ ਚੰਗੀ ਸਿਹਤ ਹਰ ਸ਼ਹਿਰੀ ਦਾ ਮੁਢਲਾ ਅਧਿਕਾਰ ਮੰਨਿਆ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਇਹ ਅਧਿਕਾਰ ਪ੍ਰਾਪਤ ਕਰਨ ਦੇ ਰਾਹ ਵਿਚ ਉਸ ਦੀ ਗਰੀਬੀ, ਜਾਤ ਜਾਂ ਵਿਚਾਰ ਰੋੜਾ ਨਹੀਂ ਬਨਣੇ ਚਾਹੀਦੇ।

ਸਾਡੇ ਦੇਸ਼ ਵਿਚ ਸੱਠ ਫੀ ਸਦੀ ਡਾਕਟਰ ਪ੍ਰਾਈਵੇਟ ਪ੍ਰੈਕਟਸ ਕਰ ਰਹੇ ਹਨ। ਇਨ੍ਹਾਂ ਡਾਕਟਰਾਂ ਨੂੰ ਬਨਾਉਣ ਲਈ ਖੂਨ ਪਸੀਨਾਂ ਤਾਂ ਲੋਕਾਂ ਨੇ ਵਹਾਇਆ ਹੈ ਪਰ ਇਹ ਹੁਣ ਸਿਰਫ ਉਹਨਾਂ ਦਸ ਫੀ ਸਦੀ ਲੋਕਾਂ ਦੀ ਸੇਵਾ ਕਰ ਰਹੇ ਹਨ ਜੋ ਇਹਨਾਂ ਦਾ ਮਹਿੰਗਾ ਇਲਾਜ ਖਰੀਦ ਸਕਦੇ ਹਨ। ਬਾਕੀ ਚਾਲੀ ਫੀ ਸਦੀ ਡਾਕਟਰਾਂ ਵਿਚੋਂ ਸੱਤਰ ਫੀ ਸਦੀ ਸ਼ਹਿਰੀ ਹਸਪਤਾਲਾਂ ਵਿਚ ਲੱਗੇ ਹੋਏ ਹਨ। ਇਨ੍ਹਾਂ ਹਸਪਤਾਲਾਂ ਵਿਚ ਗਰੀਬਾਂ ਦਾ ਕੀ ਹਾਲ ਹੁੰਦਾ ਹੈ ਇਸ ਬਾਰੇ ਤਾਂ ਚੁੱਪ ਹੀ ਭਲੀ ਹੈ। ਇਹ ਸਾਰੇ ਦਾ ਔਸਤ ਕੱਢ ਕੇ ਸਾਡੇ ਦੇਸ਼ ਵਿਚ ਸਾਢੇ ਚਾਰ ਹਜ਼ਾਰ ਲੋਕਾਂ ਪਿੱਛੇ ਇਕ ਡਾਕਟਰ ਹੈ। ਜਦੋਂ ਕਿ ਰੂਸ ਵਿਚ ਚਾਰ ਸੌ ਪਿੱਛੇ ਅਤੇ ਅਮਰੀਕਾ ਵਿਚ ਛੇ ਸੌ ਪਿੱਛੇ ਇਕ ਡਾਕਟਰ ਹੈ। ਅੱਜ ਵੀ ਸਾਡੀ ਅੱਸੀ ਫੀ ਸਦੀ ਵਸੋਂ ਨੂੰ ਸਿਹਤ ਦੀਆਂ ਯੋਗ ਸੇਵਾਵਾਂ ਪ੍ਰਾਪਤ ਨਹੀਂ। 75 ਫੀ ਸਦੀ ਮਾਵਾਂ ਨੂੰ ਅੱਜ ਵੀ ਜਣੇਪੇ ਦੀਆਂ ਮੁੱਢਲੀਆਂ ਸਹੂਲਤਾਂ ਵੀ ਪ੍ਰਾਪਤ ਨਹੀਂ।

ਅੰਗਰੇਜ਼ਾਂ ਦੇ ਰਾਜ ਤੋਂ ਲੈਕੇ ਹੁਣ ਤੱਕ ਦੇਸੀ ਇਲਾਜ ਪ੍ਰਣਾਲੀ ਨੂੰ ਬੁਰੀ ਤਰ੍ਹਾਂ ਦਬਾਇਆ ਗਿਆ ਹੈ ਨਤੀਜੇ ਵਜੋਂ ਦੇਸੀ ਇਲਾਜ ਦੇ ਤਰੀਕਿਆਂ ਵਿਚ ਖੜੋਤ ਆ ਗਈ ਹੈ। ਇਹਨਾਂ ਦੀਆਂ ਵਧੀਆ ਗੱਲਾਂ ਤੇ ਇਲਾਜ ਠੀਕ ਤਰ੍ਹਾਂ ਲੋਕਾਂ ਤੱਕ ਨਹੀਂ ਪਹੁੰਚ ਰਹੀਆਂ ਜਿਸ ਨਾਲ ਆਮ ਲੋਕਾਂ ਦਾ ਬੇਹੱਦ ਨੁਕਸਾਨ ਹੁੰਦਾ ਹੈ। ਇਨ੍ਹਾਂ ਨੂੰ ਦਬਾਉਣ ਦੇ ਕਾਰਨ ਬੜੇ ਸਾਫ ਹੈਨ। ਅੱਜ ਵੀ ਨਵਬਸਤੀਵਾਦ ਨਾਲ ਸਬੰਧ' ਉਦਾਂ ਹੀ ਕਾਇਮ ਹਨ ਅਤੇ ਅੱਜ ਵੀ ਨਵਬਸਤੀਵਾਦੀਆਂ ਅਤੇ ਦੇਸੀ ਅਜਾਰੇ-ਦਾਰਾਂ ਦੇ ਮੁਨਾਫੇ ਤੇ ਹੋਰ ਹਿਤ ਐਲੋਪੈਥੀ ਨਾਲ ਬੱਝੇ ਹੋਏ ਹਨ।

ਅੱਜੀ ਵੀ ਸਾਡੇ ਦੇਸ਼ ਦੇ ਬਹੁ-ਗਿਣਤੀ ਲੋਕਾਂ ਨੂੰ ਸੁਧ ਤੇ ਯੋਗ ਮਾਤਰਾ ਵਿਚ ਪਾਣੀ ਪ੍ਰਾਪਤ ਨਹੀਂ ਹੁੰਦਾ ਹੈ। 5-67 ਲੱਖ ਪਿੰਡਾਂ ਵਿਚੋਂ 1-53 ਲੱਖ ਪਿੰਡਾਂ ਦੇ ਲੋਕਾਂ ਨੂੰ ਪੀਣ ਵਾਲਾ ਪਾਣੀ ਵੀ 1.6 ਕਿਲੋ ਮੀਟਰ ਤੋਂ ਵਧ ਫਾਸਲੇ ਤੋਂ ਲਿਆਉਣਾ ਪੈਂਦਾ ਹੈ। ਮਲ ਮੂਤਰ ਦੇ ਯੋਗ ਨਿਕਾਸ ਦਾ ਪ੍ਰਬੰਧ ਸਿਰਫ 15 ਪ੍ਰਤੀਸ਼ਤ ਸ਼ਹਿਰੀ ਆਬਾਦੀ ਨੂੰ ਹੀ ਪ੍ਰਾਪਤ ਹੈ। ਬਾਕੀ ਦੀ ਸ਼ਹਿਰੀ ਅਬਾਦੀ ਤੇ ਲਗ ਪਗ ਸਾਰੀ ਹੀ ਪੇਂਡੂ ਅਬਾਦੀ ਲਈ ਮਲ-ਮੂਤਰ ਦੇ ਨਿਕਾਸ ਦਾ ਕੋਈ ਯੋਗ ਪ੍ਰਬੰਧ ਨਹੀਂ। ਸਾਡਾ ਆਲਾ ਦੁਆਲਾ ਬੇਹੱਦ ਗੰਦਾ ਹੈ ਅਤੇ ਬਿਮਾਰੀਆਂ ਦੀ ਪੈਦਾਵਾਰ ਦੇ ਬਹੁਤ ਹੀ ਅਨੁਕੂਲ ਹੈ।

ਗਰੀਬੀ ਦੀ ਪੱਧਰ ਤੋਂ ਥਲੇ ਰਹਿਣ ਵਾਲੇ ਲੋਕਾਂ ਦੀ ਗਿਣਤੀ ਜੋ ਹਰ ਸਾਲ ਵਧ ਜਾਂਦੀ ਹੈ ਸੱਠ ਫੀ ਸਦੀ ਤੋਂ ਵੀ ਟੱਪ ਚੁੱਕੀ ਹੈ। ਇਹ ਲੋਕ ਦੋ ਰੁਪਏ ਪ੍ਰਤੀ ਵਿਅਕਤੀ ਪ੍ਰਤੀਦਿਨ ਦੀ ਖਪਤ ਤੋਂ ਵੀ ਘੱਟ ਤੇ ਜਿਊਂ ਰਹੇ ਹਨ। ਸਾਡੇ ਦੇਸ਼ ਵਿਚ ਡੇਢ ਕਰੋੜ ਲੋਕ ਰਜਿਸਟਰਡ ਬੇਰੁਜ਼ਗਾਰ ਹਨ ਜਿਨ੍ਹਾਂ ਵਿਚੋਂ ਚਾਲੀ ਲਖ ਪੜ੍ਹੇ ਲਿਖੇ ਬੇਰੁਜ਼ਗਾਰ ਹਨ। ਇੰਨੇ ਹੀ ਅਨ-ਰਜਿਸਟਰਡ ਬੇਰੁਜ਼ਗਾਰ ਹੋਣ ਦਾ ਅੰਦਾਜ਼ਾ ਹੈ। ਸਾਡੇ ਦੇਸ਼ ਦੇ ਪੰਜ ਕਰੋੜ ਪਰਵਾਰਾਂ ਨੂੰ ਸਾਲ ਵਿਚੋਂ ਸਿਰਫ ਪੰਜ ਮਹੀਨੇ ਰੁਜ਼ਗਾਰ ਮਿਲਦਾ ਹੈ ਬਾਕੀ ਸੱਤ ਮਹੀਨੇ ਉਹ ਬੇਰੁਜ਼ਗਾਰ ਰਹਿੰਦੇ ਹਨ।

ਸੰਖੇਪ ਵਿਚ ਬਹੁ-ਗਿਣਤੀ ਸਰੀਰਕ ਤੇ ਮਾਨਸਕ ਬਿਮਾਰੀਆਂ ਸਮਾਜਕ-ਆਰਥਕ ਕਾਰਨਾਂ ਤੋਂ ਜਨਮ ਲੈਂਦੀਆਂ ਹਨ। ਇਨ੍ਹਾਂ ਸਮਾਜਕ-ਆਰਥਕ ਕਾਰਨਾਂ ਦਾ ਖਾਤਮਾਂ-ਰਾਜ ਕਰਦਾ ਜਮਾਤਾਂ ਦੇ ਹਿਤਾਂ ਤੇ ਸੱਟ ਮਾਰਦਾ ਹੈ—ਇਸ ਲਈ ਉਹ ਨਾਂ ਤਾਂ ਉਹਨਾਂ ਦਾ ਹਲ ਹੋਣ ਦੇਣਾ ਚਾਹੁੰਦੇ ਹਨ ਤੇ ਨਾਂ ਹੀ ਇਸ ਬਾਰੇ ਚੇਤਨਾ ਲੋਕਾਂ ਤਕ ਪਹੁੰਚਣ ਦੇਣਾ ਚਾਹੁੰਦੇ ਹਨ। ਬਿਮਾਰੀਆਂ ਦੇ ਸਮਾਜਕ ਆਰਥਕ ਕਾਰਨਾਂ ਦੇ ਹੁੰਦੇ ਹੋਏ, ਮੌਜੂਦਾ ਸੇਹਤ ਸੰਸਥਾਵਾਂ ਬਿਮਾਰੀਆਂ ਤੋਂ ਸਿਰਫ ਰਾਹ ਹੀ ਦੇ ਸਕਦੀਆਂ ਹਨ, ਉਹਨਾਂ ਨੂੰ ਖ਼ਤਮ ਨਹੀਂ ਕਰ ਸਕਦੀਆਂ। ਭਾਵੇਂ ਬਿਮਾਰੀਆਂ ਤੋਂ ਰਾਹਤ ਲੈਣ ਲਈ ਇਨ੍ਹਾਂ ਸਿਹਤ ਸੰਸਥਾਵਾਂ ਨੂੰ ਵਰਤਣ ਦੀ ਸਮਰਥਾ ਵੀ ਕਿਸੇ ਪਰਵਾਰ ਦੀ ਖਰੀਦ ਸ਼ਕਤੀ ਦੇ ਅਨੁਪਾਤ ਵਿਚ ਹੀ ਹੋਵੇਗੀ ਕਿਉਂਕਿ ਸਿਹਤ ਸੰਸਥਾਵਾਂ ਵੀ ਮੁਨਾਫ਼ਾ ਅਧਾਰਤ ਹੋਣ ਕਰਕੇ ਕਾਫੀ ਮਹਿੰਗੀਆਂ ਹਨ। ਇਸ ਤਰ੍ਹਾਂ ਸਮਾਜ ਦੀਆਂ ਬਾਕੀ ਸੰਸਥਾਵਾਂ ਵਾਂਗ ਸਿਹਤ ਸੰਸਥਾਵਾਂ ਵੀ ਮੁੱਖ ਤੌਰ ਤੇ ਰਾਜ ਕਰਦਾ ਜਮਾਤਾਂ ਦੀ ਹੀ ਸੇਵਾ ਕਰਦੀਆਂ ਹਨ। ਇਸ ਤੋਂ ਵੀ ਅਗੇ ਬਹੁਤ ਵਾਰੀ ਸਿਹਤ ਸੰਸਥਾਵਾਂ ਲੋਕਾਂ ਦੇ ਵਿਰੁਧ ਵੀ ਵਰਤੀਆਂ ਹਨ ਜਿਸ ਦੀ ਸਭ ਤੋਂ ਭਦੀ ਉਦਾਹਰਣ ਐਮਰਜੈਂਸੀ ਵਿਚ ਇਨ੍ਹਾਂ ਸੰਸਥਾਵਾਂ ਰਾਹੀਂ ਜਬਰੀ ਨਸ-ਬੰਦੀ ਕਰਨਾ ਸੀ।

ਡਾ: ਪ੍ਰੇਮ ਖੋਸਲਾ
ਡਾ: ਅਰਵਿੰਦਰ ਸਿੰਘ
ਕਨਵੀਨਰ-ਪੀਪਲਜ਼ ਹੈਲਥ ਗਰੁੱਪ,
ਖੋਸਲਾ ਲੌਜ, ਬੀ-2/1012,
ਲਹਿਲ ਕਲੋਨੀ,
ਪਟਿਆਲਾ-147001.

# ਵੀਹਵੀਂ ਸਦੀ ਦਾ ਸਭ ਤੋਂ ਵੱਡਾ ਸਬਜ਼ਬਾਗ...20 ਨੁਕਤਾ ਪ੍ਰੋਗਰਾਮ...

## ਪ੍ਰੋਫੈਸਰ ਭਾਰਦਵਾਜ਼

ਹਰ ਦੇਸ਼ ਵਿਚ ਸਰਮਾਏਦਾਰੀ ਨਿਜ਼ਾਮ ਆਪਣੀ ਉਮਰ ਲਮੇਰੀ ਕਰਨ ਖਾਤਰ ਲੋਕਾਂ ਨੂੰ ਵੰਨ-ਸੁਵੰਨੇ ਸਬਜ਼ਬਾਗ ਵਖਾਈ ਤੁਰਿਆ ਹੀ ਜਾਂਦਾ ਹੈ। ਸਾਡੇ ਦੇਸ਼ ਵਿਚ ਵੀ ਪਹਿਲਾਂ ਸੰਨ 1953 ਵਿਚ ਜਵਾਹਰ ਲਾਲ ਜੀ ਨੇ "ਦੇਸ਼ ਦਾ ਵਿਕਾਸ ਸਮਾਜਵਾਦੀ ਲੀਹਾਂ ਉਪਰ" ਕਰਨ ਦਾ ਦਮ ਭਰਿਆ ਸੀ...ਪਰ ਹਕੀਕਤ ਵਿਚ ਬਾਟੇ-ਟਾਟੇ ਹੀ ਮੋਟੇ ਹੋਏ......ਆਮ ਜਨਤਾ ਦੇ ਹਿੱਸੇ ਵਿਚ ਆਈ ਭੁੱਖ-ਨੰਗ ਬੇਰੁਜ਼ਗਾਰੀ-ਭਰੱਸ਼ਟਾਚਾਰੀ...?

ਫਿਰ ਸੰਨ 69 ਵਿਚ ਸ਼੍ਰੀਮਤੀ ਇੰਦਰਾਗਾਂਧੀ ਵਲੋਂ 'ਬੈਂਕਾਂ ਦੇ ਕੌਮੀਕਰਨ' ਵਕਤ ਅਜਿਹਾ ਪ੍ਰਚਾਰ ਅਰੰਭਿਆ ਗਿਆ ਕਿ ਜਨ-ਸਾਧਾਰਨ ਤਾਂ ਕੀ, ਕਹਿੰਦੇ-ਕਹਾਉਂਦੇ ਅਗਾਂਹਵਧੂ ਖਿਆਲਾਂ ਵਾਲੇ ਵੀ ਬੈਂਕਾਂ ਦੇ ਕੌਮੀਕਰਨ ਵਿਚ ਹੀ ਇਨਕਲਾਬ ਦੀ ਝਲਕ ਵੇਖਣ ਲਗ ਪਏ ਸਨ। ਪਰ ਤਜਰਬੇ ਵਿਚ ਵੇਖਿਆ ਗਿਆ ਕਿ ਲੋੜਵੰਦਾਂ ਨੂੰ ਬੈਂਕਾਂ ਵਿਚੋਂ ਆਮਦਾਦ ਤਾਂ ਮਿਲੀ ਪਰ "ਧੱਕਿਆਂ" ਦੀ ਸ਼ਕਲ ਵਿਚ...ਪੈਸੇ ਟਕੇ ਦੀ ਸ਼ਕਲ ਵਿਚ ਨਹੀਂ ਵਰਨਾ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦੀ ਗਿਣਤੀ, 12 ਸਾਲਾਂ ਵਿਚ ਵਧਣ ਦੀ ਬਜਾਏ ਘਟਦੀ...?

...ਤੇ ਜਦੋਂ ਬੈਂਕਾਂ ਦੇ ਕੌਮੀਕਰਨ ਵਾਲੇ "ਇਨਕ-ਲਾਬੀ" ਕਦਮ ਦੇ ਰਾਜ਼ ਵਾਲਾ ਭਾਂਡਾ ਵੀ ਫੁੱਟਣ ਲਗਿਆ ਤਾਂ ਇੰਦਰਾ ਜੀ ਨੇ "ਗਰੀਬੀ ਹਟਾਓ" ਦਾ ਨਵਾਂ ਸ਼ੋਸ਼ਾ ਹਵਾ ਵਿਚ ਛਡ ਦਿਤਾ। ਪਰ ਉਸ ਕਦੇ ਇਹ ਨਾਂ ਦਸਿਆ ਕਿ ਗਰੀਬੀ ਵਧੀ ਕਿਉਂ...ਇਹ ਹਟੂਗੀ ਕਿਸ ਤਰ੍ਹਾਂ ਅਤੇ ਇਸਨੂੰ ਹਟਾਊਗਾ ਕੌਣ...ਦੱਸ ਲੱਖ ਫੌਜ ਢਾਈ ਲੱਖ ਪੁਲਿਸ, ਪੰਜ ਹਜ਼ਾਰ ਵਡੇ ਅਫਸਰਸ਼ਾਹ ਰਖਣ ਵਾਲੀ ਹਕੂਮਤ ਤੇ ਕਾਬਜ਼ ਇੰਦਰਾ ਗਾਂਧੀ ਅਤੇ ਉਸਦੀ ਸਰਕਾਰ ਜਾਂ ਸੜਕ ਤੇ ਬੈਠਾ, ਜੁੱਤੀਆਂ ਗੰਢਣ ਵਾਲਾ ਬੁੱਢਾ ਮੋਚੀ...'ਮਾਡਲ ਸਕੂਲ' ਵਿਚ ਅਧੀ ਤਨਖਾਹ ਤੇ ਪੜ੍ਹਾ ਰਿਹਾ 'ਗਿਆਨੀ' ਮਾਸਟਰ ਜਾਂ ਸ਼ਹਿਰੋਂ ਗਿਆਰੀਂ ਖੰਡ ਲਿਆ ਕੇ ਪਿੰਡ ਵਿਚ ਬਾਰ੍ਹੀਂ ਵੇਚਣ ਵਾਲਾ ਬਿਰਜੂ ਬਾਮ੍ਹਣ...ਖੇਤਾਂ ਵਿਚ ਸਿਖਰ ਦੁਪੈਹਰੇ ਸੜ ਰਿਹਾ ਜੱਟ ਬੰਤਾ ਜਾਂ ਲੋਹ-ਭੱਠੀ ਅੱਗੇ ਬਲ ਝੀਊਰ ਸੰਤਾ...... ਠੇਕੇਦਾਰ ਨੂੰ ਰੋੜੀ ਦੀ ਪੇਮੈਂਟ ਕਰਨ ਵਾਲਾ ਅਕਾਉਂਟੈਂਟ ਸ਼ਰਮਾ ਜਾਂ ਕਾਰਖਾਨੇਦਾਰਾਂ ਲਈਂ ਬਿਜਲੀ ਪੈਦਾ ਕਰਨ ਵਾਲਾ ਐਨਜੀਨੀਅਰ ਵਰਮਾ...

ਬੀਬੀ ਉਪਰ ਆਪਣੇ ਅੰਨ੍ਹੇ ਵਿਸ਼ਵਾਸ ਕਰਨ ਲੋਕਾਂ ਇਹ ਵੀ ਦੁਬਾਰਾ ਨਾ ਪੁਛਿਆ ਕਿ 'ਦੇਵੀ ਜੀ' ਢਾਈ ਗੁਣਾਂ ਅਨਾਜ ਤਿਗਣੇ ਕਪੜੇ, ਚੌਗੁਣੇ ਕੋਲੇ, ਪੰਜ ਗੁਣਾ ਘਿਉ, ਛੇ ਗੁਣਾ ਖੰਡ, ਸੱਤ ਗੁਣਾ ਆਲੂ, ਅੱਠ ਗੁਣਾ ਸੀਮੈਂਟ, ਦਸ ਗੁਣਾ ਰਬੜ, ਬਾਰ੍ਹਾਂ ਗੁਣਾ ਲੋਹਾ, ਪੰਦਰਾਂ ਗੁਣਾ ਬਿਜਲੀ ਡੂਢ ਸੌ ਗੁਣਾ ਪੈਟਰੋਲ ਹੋਣ ਦੇ ਬਾਵਜੂਦ ਗਰੀਬੀ ਵਾਲੀ ਬੀਮਾਰੀ ਆਈ ਕਿਥੋਂ......ਅਤੇ ਇਸਨੂੰ ਹਟਾਊ ਕੌਣ......?

...ਅਤੇ ਤਿੰਨ ਸਾਲ ਬਾਦ ਜਦੋਂ ਦੂਹੋ-ਦੂਹ ਗਰੀਬੀ ਹਟਾਉਣ ਦੇ ਬਾਵਜੂਦ ਗਰੀਬ ਨਾ ਮੁੱਕੇ ਤਾਂ ਸ਼੍ਰੀਮਤੀ ਇੰਦਰਾ ਗਾਂਧੀ ਜੀ ਨੇ ਇਕ ਹੋਰ ਨਵਾਂ ਅਤੀ-ਇਨਕਲਾਬੀ ਨਵਾਂ ਆਰਥਕ ਪ੍ਰੋਗਰਾਮ ਵਗਾਹ ਮਾਰਿਆ...20 ਨੁਕਾਤੀ ਪ੍ਰੋਗਰਾਮ !!!

**ਢਾਈ ਗੁਣਾ ਅਨਾਜ, ਤਿਗਣੇ ਕਪੜੇ ਚੌਗੁਣਾ ਕੋਲਾ, ਪੰਜਗੁਣਾ ਘਿਉ, ਛੇਗੁਣਾ ਖੰਡ, ਸੱਤ ਗੁਣਾ ਆਲੂ, ਅੱਠ ਗੁਣਾ ਸੀਮੈਂਟ, ਦਸ ਗੁਣਾ ਰਬੜ, ਬਾਰ੍ਹਾਂ ਗੁਣਾ ਲੋਹਾ, ਪੰਦਰਾਂ ਗੁਣਾ ਬਿਜਲੀ, ਡੂਢ ਸੌ ਗੁਣਾ ਪੈਟਰੋਲ।**

ਇਹ ਪ੍ਰੋਗਰਾਮ ਹਕੀਕਤ ਵਿਚ ਕਿੰਨਾ ਕੁ ਅਸਰਦਾਰ ਸੀ, ਉਹ ਹੇਠ ਲਿਖੀਆਂ ਸਤਰਾਂ ਤੋਂ ਪਤਾ ਲਗ ਜਾਵੇਗਾ :

ਇਸ ਪ੍ਰੋਗਰਾਮ ਦੀ ਕਾਮਯਾਬੀ ਦਾ ਸਭ ਤੋਂ ਵੱਡਾ ਰਾਜ਼ ਇਸੇ ਵਿਚ ਸੀ ਕਿ ਦਰਅਸਲ ਇਹ ਕੋਈ ਪ੍ਰੋਗਰਾਮ ਹੀ ਨਹੀਂ ਸੀ...? ਇਸਦੇ ਨੁਕਤਿਆਂ ਦੀ ਸੁੰਦਰਤਾ ਇਸ ਵਿਚ ਛੁਪੀ ਹੋਈ ਸੀ ਕਿ ਬਸ ਇਸਦੀ 'ਗਿਣਤੀ ਦਾ ਅੰਕ' ਹੀ ਬੱਚੇ 2 ਦੀ ਜ਼ਬਾਨ ਤੇ ਚੜ੍ਹਿਆ ਹੋਇਆ ਸੀ... ਵੀਹ ਨੁਕਾਤੀ ਪ੍ਰੋਗਰਾਮ ਸ਼ਾਲਾ ਵੀਹ ਨੁਕਾਤੀ ਪ੍ਰੋਗਰਾਮ ! ਵੀਹ ਨੁਕਾਤੀ ਪ੍ਰੋਗਰਾਮ ਭਈ ਵੀਹ ਨੁਕਾਤੀ ਪ੍ਰੋਗਰਾਮ... ਨੁਕਰਿਆਂ ਬਾਬਤ ਬਹੁਤਿਆਂ ਨੂੰ ਕੁਝ ਨਹੀਂ ਸੀ ਪਤਾ। ਇਸ 'ਇਨਕਲਾਬੀ' ਆਰਥਕ ਪ੍ਰੋਗਰਾਮ ਦੀ ਆੜ ਹੇਠ ਇੰਦਰਾ ਜੀ ਨੇ ਲੋਕਾਂ ਨਾਲ ਕਿਡਾ ਵਡਾ ਮਖੌਲ ਕੀਤਾ ਸੀ, ਉਹ ਹੇਠ ਲਿਖੀਆਂ ਸਤਰਾਂ ਤੋਂ ਪਤਾ ਲਗ ਜਾਵੇਗਾ:

ਪਹਿਲਾ ਨੁਕਤਾ: "ਜ਼ਰੂਰੀ ਚੀਜ਼ਾਂ ਦੇ ਭਾਅ ਘਟਾਉਣ ਲਈ ਚੁਕੇ ਕਦਮ ਜਾਰੀ ਰਖਣੇ, ਉਨ੍ਹਾਂ ਦੀ ਪੈਦਾਵਾਰ, ਹਾਸਲ ਕਰਨ ਅਤੇ ਵੰਡਣ ਨੂੰ ਬਕਾਇਦਗੀ ਦੇਣਾ। ਸਰਕਾਰੀ ਖਰਚਾ ਘਟ ਤੋਂ ਘਟ ਕਰਨਾ।

ਨਾਹਰਾ ਮਹਿੰਗਾਈ ਘਟ ਕਰਨ ਦਾ ਦਿਤਾ ਪਰ ਦੋ ਵਾਲੀ ਖੰਡ ਬਾਰ੍ਹੀਂ ਕਰਵਾ ਦਿਤੀ...ਸਰੀਆ 1500 ਤੋਂ

5500 ਪੁਚਾ ਦਿਤੀ..... ਸੋਨਾ 700 ਤੋਂ 1700 ਟਪਾ ਦਿਤਾ...110 ਵਾਲੀ ਕਣਕ ਦਾ ਆਟਾ 220, ਸ਼ਰੇਆਮ, ਵਿਕਵਾ ਦਿਤਾ ਤੇ ਹੋਕਾ ਦਵਾ ਦਿਤਾ ਕਿ ਮਹਾਨ ਨੇਤਾ ਭਾਅ ਨੂੰ ਕੰਟਰੋਲ ਕਰਨ ਵਲ ਪੁਟੇ ਕਦਮ ਜਾਰੀ ਰਖ ਰਹੀ ਹੈ...?

ਸਰਕਾਰੀ ਖਰਚਾ ਘਟ ਕਰਨ ਲਈ ਹੀ ਤਾਂ ਸ਼ਾਇਦ ਕੁਲ 70000 ਲੱਖ ਰੁਪਏ ਖਰਚ ਕੇ ਏਸ਼ਿਆਈ ਖੇਡਾਂ ਕਰਵਾਈਆਂ ਜਾ ਰਹੀਆਂ ਜਿਨ੍ਹਾਂ ਵਿਚ ਸਾਡੇ ਡੂਢ ਕੁ ਸੌ ਖਿਡਾਰੀਆਂ ਨੇ ਭਾਗ ਲੈਣਾ ਹੈ ਉਂਜ ਜਿਨ੍ਹਾਂ ਨੂੰ ਭਾਵੇਂ ਡੂਢ ਸੌ ਕਦੇ ਵਜ਼ੀਫ਼ਾ ਵੀ ਨਾ ਮਿਲਿਆ ਹੋਵੇ ? ਜੇ ਇਹੋ ਖਿਡਾਰੀ ਬੈਂਕਾਕ ਜਾਂ ਹੋਰ ਕਿਸੇ ਦੇਸ਼ ਵਿਚ ਖੇਡਾਂ ਲਈ ਭੇਜੇ ਜਾਂਦੇ ਤਾਂ 50 ਲੱਖ ਵੀ ਖਰਚ ਨਹੀਂ ਹੋਣੇ ਸਨ। ਭਾਵੇਂ ਇਹ ਖੇਡਾਂ ਹਜ਼ਾਰ ਵਿਚੋਂ ਇਕ ਨੂੰ ਵੀ ਦੇਖਣੀਆਂ ਨਸੀਬ ਨਹੀਂ ਹੋਣਗੀਆਂ ਪਰ ਫਿਰ ਵੀ ਸਾਡੀ ਸਰਕਾਰ ਨੇ 'ਹਿੰਦੁਸਤਾਨੀਆਂ' ਦੀ ਸਹੂਲਤ ਵਾਸਤੇ 19-20 ਵਡੇ 2 ਤਿੰਨ ਅਤੇ ਪੰਜ-ਸਟਾਰੀ ਹੋਟਲ ਬਨਾਉਣ ਲਈ ਇਸ ਸੱਤ ਅਰਬ ਵਿਚੋਂ ਗੁੰਜਾਇਸ਼ ਕਢ ਹੀ ਲਈ ਹੈ। ਖੇਡਾਂ ਵੇਖਣ ਵਾਲੇ ਨੂੰ ਖਰਚ ਵੀ ਬਹੁਤਾ ਨਹੀਂ ਕਰਨਾ ਪੈਣਾ—ਬਸ ਦੋ ਕੁ ਸੌ ਜੇਬ੍ਹ ਵਿਚ, ਦਿੱਲੀ ਆਉਣ ਜਾਣ ਲਈ ਦੋ ਕੁ ਸੌ ਦਸ ਦਿਨ ਦੀਆਂ ਟਿਕਟਾਂ ਲਈ ਅਤੇ ਦੋ ਕੁ ਹਜ਼ਾਰ ਹੋਟਲ ਵਿਚ ਚਾਰ ਰਾਤਾਂ ਠਹਿਰਨ ਲਈ।

**ਅਗਰ ਭਾਰਤ ਮਾਂ ਦੀ ਗੋਦ ਵਿਚੋਂ ਆਉਣ ਵਾਲੇ ਸਮੇਂ ਦੁਰਾਨ ਨਿਕਲਣ ਵਾਲਾ ਕੁਲ 42 ਟਨ ਸੋਨਾ ਰਾਤੋ-ਰਾਤ ਕਢ ਕੇ ਵੀ ਵੇਚ ਦਿਤਾ ਜਾਵੇ ਤਾਂ ਵੀ ਸਤ ਅਰਬ ਪ੍ਰਾਪਤ ਨਹੀਂ ਹੋਣਗੇ।**

## 2. ਜ਼ਮੀਨ ਦੀ ਬੰਨ੍ਹੀ ਹਦ ਦੇ ਕੰਮ ਨੂੰ ਪੂਰਾ ਕਰਨਾ, ਵਾਧੂ ਜ਼ਮੀਨ ਨੂੰ ਵੰਡਣਾ ਅਤੇ ਜ਼ਮੀਨ ਦੇ ਰਿਕਾਰਡ ਤਿਆਰ ਕਰਨਾ :—

ਭਾਰਤੀ ਯੋਜਨਾ-ਕਮਿਸ਼ਨ ਦੀ ਆਪਣੀ ਜ਼ਬਾਨੀ ਹਿੰਦੁਸਤਾਨ ਵਿਚ ਜਗੀਰਦਾਰਾਂ ਨੂੰ ਉਹਨਾਂ ਦੇ ਖੁਦ ਵਾਹੁਣ ਜੋਗੀ ਜ਼ਮੀਨ ਛਡਣ ਤੋਂ ਮਗਰੋਂ ਵੀ ਦੋ ਕਰੋੜ ਏਕੜ ਤੋਂ ਵਧ (213 ਲੱਖ ਏਕੜ) ਧਰਤੀ ਫਾਲਤੂ ਹੋਣੀ ਚਾਹੀਦੀ ਹੈ। ਪਰ ਪਿਛਲੇ ਤੀਹਾਂ ਸਾਲਾਂ ਦੁਰਾਨ ਸਰਕਾਰ ਦੁਆਰਾ ਕੇਵਲ ਪੰਜਵਾਂ ਹਿੱਸਾ ਭਾਵ 40 ਲੱਖ ਏਕੜ ਧਰਤੀ ਫਾਲਤੂ ਕੱਢੀ ਗਈ ਹੈ ਤੇ ਉਸ ਵਿਚੋਂ ਵੀ ਸਿਰਫ ਅਧੀ, 20 ਲੱਖ ਏਕੜ ਭੂਮੀ ਕਬਜ਼ੇ ਹੇਠ ਲਈ ਗਈ ਹੈ। ਅਤੇ ਜੇ ਸਾਰੀ ਕਬਜ਼ ਹੇਠਲੀ ਧਰਤੀ ਵੀ ਵੰਡ ਦਿਤੀ ਜਾਂਦੀ ਤਾਂ ਵੀ ਸ਼ੁਕਰ ਕਰਦੇ, ਉਸ ਵਿਚੋਂ ਵੀ ਅਧੀ ਕੁ ਹੀ, 13 ਲੱਖ ਏਕੜ ਧਰਤੀ ਵੰਡੀ ਗਈ ਹੈ।

ਸੋ ਉਪਰਲੇ 13 ਲੱਖ ਏਕੜ ਜ਼ਮੀਨ ਤਾਂ 1977 ਤੀਕ ਵੰਡ ਹੀ ਦਿਤੀ ਹੈ ਤੇ ਜੇ ਇਸੇ ਇਨਕਲਾਬੀ ਸਪੀਡ ਨਾਲ "ਜੈ ਕਿਸਾਨ, ਜੈ ਕਿਸਾਨ" ਦਾ ਨਾਹਰਾ ਲਗ ਉਣ ਵਾਲੀ "ਕਾਂਗਰਸੀ-ਸਰਕਾਰ ਸਰਪਲਸ ਜਮੀਨ ਲੋੜਵੰਦਾਂ ਵਿਚ ਵੰਡਦੀ ਰਹੀ ਤਾਂ ਬਾਕੀ 200 ਲੱਖ ਏਕੜ ਧਰਤੀ ਵੰਡਣ ਲਈ ਸਿਰਫ 467 ਸਾਲ ਹੋਰ ਚਾਹੀਦੇ ਹਨ। ਮਤਲਬ 2448 ਈਸਵੀ ਤੀਕ ਭਾਰਤਵਰਸ਼ ਵਿਚ ਤਮਾਮ ਫਾਲਤੂ ਜ਼ਮੀਨ ਬੇਜ਼ਮੀਨੇ ਕਿਸਾਨਾਂ, ਖੇਤ ਮਜਦੂਰਾਂ, ਪਛੜੀਆਂ ਸ਼੍ਰੇਣੀਆਂ ਵ ਹਰੀਜਨ ਭਰਾਵਾਂ ਵਿਚ ਵੰਡ ਦਿਤੀ ਜਾਵੇਗੀ। ਚਲੋ ਸਾਨੂੰ ਜੀਂਦਿਆਂ ਜੀ ਜੇ ਜ਼ਮੀਨ ਅਲਾਟ ਨਾ ਵੀ ਹੋਵੇਗੀ ਤਾਂ ਵੀ ਕੋਈ ਦੁੱਖ ਨਹੀਂ, ਕਦੇ ਨਾ ਕਦੇ ਸਾਡੇ ਪੜਪੋਤਰਿਆਂ ਦਿਆਂ ਪੜਪੋਤਰਿਆਂ ਦਿਆਂ ਪੜਪੋਤਰਿਆਂ ਦਿਆਂ......ਪੁੱਤਾਂ ਨੂੰ ਤਾਂ ਜ਼ਮੀਨ ਮਿਲੇਗੀ ਹੀ ਨਾ ?

## ਜ਼ਮੀਨ ਰਹਿਤ ਅਤੇ ਸਮਾਜ ਹੇਠਲੇ ਵਰਗ ਦੇ ਬੰਦਿਆਂ ਨੂੰ ਘਰਾਂ ਲਈ ਥਾਂ ਦੇਣ ਦਾ ਕੰਮ ਉਪਰਲੇ ਨਾਲ ਛੇਤੀ ਕਰਨਾ:—

ਇਥੇ ਇਹ ਨੋਟ ਕੀਤਾ ਜਾਵੇ ਕਿ ਪਲਾਟਾਂ ਆਦਿ ਦੀ ਸਮੱਸਿਆ ਸ਼ਹਿਰਾਂ ਵਿਚ ਹੀ ਬਹੁਤੀ ਹੁੰਦੀ ਹੈ ਪਿੰਡਾਂ ਵਿਚ ਸਮੱਸਿਆ ਐਨੀ ਨਹੀਂ ਹੁੰਦੀ। ਪਿੰਡਾਂ ਵਿਚ 'ਸ਼ਾਮਲਾਟ' ਜਗ੍ਹਾ ਹੀ ਬਥੇਰੀ ਹੁੰਦੀ ਹੈ ਜਿਸ ਵਿਚੋਂ ਪੰਚਾਇਤ ਹੀ ਲੋੜਵੰਦ ਨੂੰ ਪੰਜ-ਚਾਰ ਮਰਲੇ ਉਂਜ ਹੀ ਦੇ ਦਿੰਦੀ ਹੈ। ਫਿਰ 'ਪਲਾਟ' ਅਤੇ ਮਕਾਨ ਵਿਚ ਜ਼ਮੀਨ ਅਸਮਾਨ ਦਾ ਫਰਕ ਹੁੰਦਾ ਹੈ। ਜਿਨ੍ਹਾਂ ਵਿਚ ਢਾਈ-ਤਿੰਨ ਸੌ ਖਰਚ ਕੇ ਅਜਿਹੇ ਪੰਜਾਹ 2, ਸੌ ਸੌ ਗਜ਼ੇ ਪਲਾਟ ਲੈਣ ਦੀ ਪਿਛਲੇ 28 ਸਾਲਾਂ ਦੁਰਾਨ ਹਿੰਮਤ ਨਹੀਂ—ਜਿਹੋ ਜਹੇ ਸਰਕਾਰ ਨੇ ਸ਼ਹਿਰਾਂ ਵਿਚ ਦਿਤੇ ਹਨ, ਉਹ ਇਕ ਕਮਰਾ ਵੀ ਖੜਾ ਕਰਨ ਖਾਤਰ 15-20 ਹਜ਼ਾਰ ਕਿਥੋਂ ਕਢ ਲੈਣ ਗੇ ! ਖਾਸ ਤੌਰ ਤੇ ਉਨ੍ਹਾਂ ਹਾਲਤਾਂ ਵਿਚ ਜਦੋਂ ਸਰਕਾਰ ਵਲੋਂ ਭਾਅ ਰੋਕਣ ਸਬੰਧੀ ਕਦਮ ਚੁਕੇ ਹੋਣ ਦੇ ਬਾਵਜੂਦ ਪੰਝੀਆਂ ਵਾਲੀ ਸੀਮੇਂਟ ਦੀ ਬੋਰੀ ਪਝੱਤ੍ਰਾਂ ਦੀ, ਡੂਢ ਸੌ ਵਾਲੀ ਇੱਟ-ਤਿੰਨ ਸੌ ਨੂੰ ਅਤੇ 1400 ਪ੍ਰਤੀ ਟਨ ਆਉਣ ਵਾਲਾ ਸਰੀਆ 4400 ਨੂੰ ਵੀ ਨਾ ਲਭਦਾ ਹੋਵੇ ?

## 4. ਹਮੇਸ਼ਾ ਲਈ ਰਖੇ ਗਏ (Bonded-Labour) ਜਿਥੇ ਵੀ ਹੋਣ ਗੈਰ-ਕਾਨੂੰਨੀ ਕਰਾਰ ਦੇਣਾ।

ਉਂਜ ਗੈਰ-ਕਾਨੂੰਨੀ ਕਰਾਰ ਦੇਣ ਨਾਲ ਕੀ ਫਰਕ ਪੈ ਜਾਊਗਾ ? ਕੀ ਬਲੈਕਮਾਰਕੀਟ ਸਮੱਗਲਿੰਗ, ਬਲਾਤਕਾਰੀ, ਭਰੱਸ਼ਟਾਚਾਰੀ, ਕੁਣਬਾਪਰਵਾਰੀ, ਚਾਰ ਸੌ ਵੀਹ ਆਦਿ ਕਾਨੂੰਨੀ ਜਾਇਜ਼ ਕਰਾਰ ਦਿੱਤੀਆਂ ਹੋਈਆਂ ਹਨ ਜੋ ਦਿਨੇ ਦੁਗਣੀ-ਰਾਤ ਚੌਗੁਣੀ ਤਰੱਕੀ ਕਰ ਰਹੀਆਂ ਹਨ। ਇਸੇ ਤਰ੍ਹਾਂ ਬੰਧਕ ਮਜਦੂਰੀ ਨੂੰ ਗੈਰ ਕਾਨੂੰਨੀ

ਕਰਾਰ ਦੇ ਦੇਣ ਨਾਲ ਕੀ ਗਾਰੰਟੀ ਹੈ ਕਿ ਇਹ ਖਤਮ ਹੋ ਜਾਵੇਗੀ ?

ਨਾਲੇ ਚਲਾਕ ਚੋਰ ਵਾਂਗੂ ਚੋਰ ੨ ਦਾ ਰੌਲਾ ਪਾ ਕੇ ਲੋਕਾਂ ਨੂੰ ਬੁਧੂ ਬਣਾਉਣ ਦਾ ਕੁਲ ਠੇਕਾ ਤੁਸੀਂ ਹੀ ਕਿਉਂ ਲੈ ਰਖਿਆ ਹੈ ? ਕੀ ਸੂਬਾ 'ਖੁਸ਼ਹਾਲ' ਦੀ ਸਮੁੱਚੀ ਕਿਸਾਨੀ ਖਾਸ ਕਰਕੇ ਅਤੇ ਬਾਕੀ ਤਮਾਮ ਹਿੰਦੁਸਤਾਨੀ ਕਿਸਾਨੀ ਆਮ ਕਰਕੇ ਤੁਸੀਂ ਕਰਜਾਈ ਕਰਕੇ ਨਹੀਂ ਰਖ ਦਿਤੀ ? ਬੰਧਕ ਮਜਦੂਰੀ ਹੋਰ ਕੀ ਹੁੰਦੀ ਹੈ। ਰੋਟੀ-ਚਾਹ ਤਾਂ ਬੰਧਕ ਮਜਦੂਰਾਂ ਨੂੰ ਵੀ ਦਿਤੀ ਜਾਂਦੀ ਹੈ ਤਾਂ ਜੁ ਅਗਲੇ ਦਿਨ ਕੰਮ ਤੇ ਆ ਸਕਣ। ਅਤੇ ਐਧਰ ਤੁਸੀਂ 14C000000000 (140 ਅਰਬ) ਰੁਪਇਆਂ ਦਾ ਤਾਂ ਬਦੇਸ਼ੀ ਕਰਜ਼ ਹੀ ਸਾਡੇ ਸਿਰਾਂ ਉਪਰ ਕਰਵਾ ਦਿਤਾ ਹੈ–ਸੱਚ ਪੁਛੋ ਤੁਸੀਂ ਤਾਂ 67 ਕਰੋੜ ਹਿੰਦੁਸਤਾਨੀਆਂ ਨੂੰ ਹੀ ਬੰਧਕ-ਮਜ਼ਦੂਰਾਂ ਵਿਚ ਬਦਲਕੇ ਰਖ ਦਿਤਾ ਹੈ...?

## 5. ਪੇਂਡੂ ਕਰਜ਼ਿਆਂ ਨੂੰ ਖਤਮ ਕਰਨਾ। ਜ਼ਮੀਨ ਰਹਿਤ, ਥੋੜ੍ਹੀਆਂ ਜ਼ਮੀਨਾਂ ਵਾਲੇ ਵਾਹੀਕਾਰਾਂ ਅਤੇ ਤਰਖਾਣਾਂ-ਲੁਹਾਰਾਂ ਆਦਿ ਦੇ ਕਰਜ਼ਿਆਂ ਦੀ ਵਸੂਲੀਆਂ ਸਬੰਧੀ ਕਾਨੂੰਨ ਬਨਾਉਣੇ :

ਕਿਉਂ ਕੁਫਰ ਪਏ ਤੋਲ ਰਹੇ ਹੋ—ਕੀ ਪੇਂਡੂ ਕਰਜ਼ੇ ਖਤਮ ਕਰਨ ਖਾਤਰ ਹੀ ਤੁਸਾਂ ਸੱਤਰਾਂ ਵਾਲਾ ਯੂਰੀਆ ਖਾਦ-ਬੋਰਾ ਕੋਤਰ ਸੌ ਦਾ ਕਰ ਦਿਤਾ ਹੈ ? 15 ਹਜ਼ਾਰ ਵਾਲਾ ਟਰੈਕਟਰ (1966) ਪਝੱਤਰ ਹਜ਼ਾਰ ਦਾ ਵੇਚਣ ਲਗ ਪਏ ਹੋ...ਬਿਜਲੀ ਰਾਣੀ ਦੇ ਭਾਵੇਂ ਸਾਰਾ 2 ਦਿਨ ਦਰਸ਼ਨ ਨਾ ਹੋਣ ਪਰ ਮੌਕਾ ਵੇਖ ਰਹੇ ਹੋ ਕਿ ਕਦੋਂ ਉਸ ਦੇ ਰੇਟ ਵੀ ਵਧਾ ਸਕੀਏ...ਫਸਲਾਂ ਜੱਟਾਂ ਦੀਆਂ ਵਾਜਬ ਭਾਅ ਖੁਣੋਂ ਮੰਡੀਆਂ ਵਿਚ, ਬੋਰੀਆਂ ਖੁਣੋਂ ਸੜਕਾਂ ਉਪਰ, ਵੈਗਨਾ ਖੁਣੋਂ ਪਲੇਟ-ਫਾਰਮਾਂ ਉਤੇ, ਗੁਦਾਮਾਂ ਖੁਣੋ ਰੜੇ ਮੈਦਾਨੀ ਰੁਲ ਜਾਂਦੀਆਂ ਹਨ......ਕੀ ਇਸ ਤਰ੍ਹਾਂ ਕਦੇ ਵੀ ਪੇਂਡੂ ਕਰਜੇ ਖਤਮ ਹੋ ਸਕਣਗੇ......? ਤੁਹਾਡੇ ਸੂਬਾ 'ਖੁਸ਼ਹਾਲ' ਦੀ ਕਾਂਗਰਸੀ ਸਰਕਾਰ ਵਲੋਂ ਜਗ੍ਹਾ ਜਗ੍ਹਾ ਦੀਵਾਰੀ ਇਸ਼ਤਿਹਾਰਾਂ ਰਾਹੀਂ ਬੜੇ ਫਖਰ ਨਾਲ ਇਹ ਐਲਾਨ ਕੀਤਾ ਗਿਆ ਕਿ ਅਕਾਲੀ-ਜੰਤਾ ਸਰਕਾਰ ਦੇ ਮੁਕਾਬਲੇ ਉਨ੍ਹਾਂ ਦੀ ਸਰਕਾਰ ਨੇ 150 ਦੀ ਬਜ਼ਾਏ 200 ਕਰੋੜ ਦੇ ਕਰਜ਼ੇ ਪਿੰਡਾਂ ਵਿਚ ਵੰਡੇ ਹਨ ! ਇਸ ਤੋਂ ਕੀ ਨਜ਼ਰ ਆਉਂਦਾ ਹੈ ਕਿ ਕਰਜੇ ਖਤਮ ਹੋ ਰਹੇ ਹਨ ਜਾਂ......?

ਰਹੀ ਗੱਲ ਕਰਜ਼ੇ ਵਸੂਲ ਕਰਨ ਸਬੰਧੀ ਕਾਨੂੰਨ ਬਣਾਉਣ ਦੀ, ਬੜੀ ਖੁਸ਼ੀ ਨਾਲ ਜਿਥੇ ਸੈਂਕੜੇ ਗਰੰਥ ਪਹਿਲਾਂ ਹੀ ਕਾਨੂੰਨਾਂ ਨਾਲ ਕਾਲੇ ਪਏ ਕੀਤੇ ਹੋਏ ਹਨ— ਉਨ੍ਹਾਂ ਗਰੰਥਾਂ ਵਿਚ ਦੋ ਲਾਈਨਾ ਹੋਰ ਮਾਰ ਲਓ। ਪਰ ਹਕੀਕਤ ਇਹ ਹੈ ਕਿ ਅਜ ਵੀ ਹਮਾਤੜ ਕੋਲੋਂ ਕਰਜਾ ਵਸੂਲ ਕਰਨ ਖਾਤਰ, ਤੁਹਾਡੀ ਸਰਕਾਰ ਦੇ ਛੋਟੇ ਮੋਟੇ ਅਫਸਰ ਵੀ ਮਹੀਨਿਆਂ ਬਧੀ, ਕਾਰਜ਼ਦਾਰਾਂ ਨੂੰ ਬਤੌਰ ਜਰਗਮਾਲ ਸੀਖਾਂ ਅੰਦਰ ਡਕ ਛਡਦੇ ਹਨ......ਗਰੀਬ ਕਿਸਾਨਾਂ ਦੇ ਬੌਲਦ-ਢੱਗੇ, ਗਾਵਾਂ-ਮਹੀਆਂ, ਭੇਡਾਂ-ਬਕਰੀਆਂ ਤਾਂ ਤੁਹਾਡੀ ਪੁਲੀਸ ਵਾਲੇ ਖੋਲ੍ਹ ਕੇ ਫੱਟ ਠਾਣੇ ਲੈ ਜਾਂਦੇ ਹਨ...1981 ਤੀਕ ਤਾਂ ਤੁਸਾਂ ਹਾਲੇ ਕੋਈ ਵਾਜ਼ਬ ਕਾਨੂੰਨ ਬਣਾਏ ਨਹੀਂ (ਪਿਛਲੇ ਮਹੀਨੇ, ਲੇਖਕ ਦੇ ਇਕ ਜਾਣਕਾਰ ਨੂੰ ਹੁਸ਼ਿਆਰਪੁਰ ਦੀ ਜੇਲ੍ਹ ਵਿਚ 30 ਦਿਨ ਇਸ ਕਰਕੇ ਜਰਗਮਾਲ ਬਣਾ ਕੇ ਡਕੀ ਰਖਿਆ ਕਿਉਂਕੇ ਉਸਨੇ ਕੋ-ਆਪਰੇਟਿਵ ਸੁਸਾਇਟੀ ਦਾ ਕੁਝ ਰੁਪਈਆ ਦੇਣਾ ਸੀ—ਭਾਵੇਂ ਉਸਦੀ ਜ਼ਮੀਨ-ਮਕਾਨ, ਪੁੱਤ-ਭਰਾ ਸਭ ਹਾਜ਼ਰ ਸਨ ਅਤੇ ਕਰਜਾ ਹਿਸਾਬ ਨਾਲ, ਜ਼ਮੀਨ ਵਗੈਰਾ ਵੇਚ ਕੇ ਉਹ ਉਤਾਰ ਸਕਦਾ ਸੀ ਪਰ ਹਾਕਮ ਅਫਸਰ ਇਹੋ ਕਹੀ ਜਾਵੇ ਕਿ ਰੁਪਈਏ ਲੈ ਆਉ ਤਾਂ ਬੁੱਢਾ ਛੁਡਾ ਕੇ ਲੈ ਜਾਉ...ਅਸਾਂ ਬਥੇਰਾ ਆਖਿਆ ਕਿ ਜਾਮਨੀ ਲੈ ਲਉ, ਇਨ੍ਹਾਂ ਨੂੰ ਛੱਡ ਦਿਉ, ਜ਼ਮੀਨ ਵੇਚ ਕੇ, ਮਕਾਨ ਗਹਿਣੇ ਪਾ ਕੇ ਤੁਹਾਡੇ ਪੈਸੇ ਮੋੜ ਦਿਆਂਗਾ... ਇਨਾਂ ਨੂੰ ਮਕਾਨ ਜਾਂ ਜ਼ਮੀਨ ਵੇਚਣ ਬਾਬਤ ਤਾਂ ਕਿਸੇ ਨਾਲ ਗੱਲ ਕਰ ਲੈਣ ਦਾ ਮੌਕਾ ਦਿਉ ਪਰ ਅਫਸਰ–ਅਫਸਰ ਹੀ ਹੁੰਦੇ ਹਨ...ਕਾਨੂੰਨ ਕਾਨੂੰਨ ਹੀ ਹੁੰਦਾ ਹੈ-ਕਾਨੂੰਨ ਜੋ ਸਭ ਲਈ ਬਰਾਬਰ ਹੈ (ਸਿਰਫ 66.9 ਕਰੋੜ ਗਰੀਬਾਂ ਨੂੰ ਕੱਢ ਕੇ)...ਵਡੇ ਵਡੇ ਸੇਠ/ਕਾਰਖਾਨੇਦਾਰ ਸਰਕਾਰੀ ਬੈਂਕਾਂ ਦੇ ਲੱਖਾਂ ਨਹੀਂ ਕਰੋੜਾਂ ਰੁਪਈਏ ਡਕਾਰ ਜਾਂਦੇ ਹਨ...ਸੈਂਕੜੇ ਫਰਮਾਂ ਆਏ ਦਿਨ ਬੋਗਸ ਫੜੀਆਂ ਜਾਣ ਬਾਬਤ ਅਖਬਾਰਾਂ ਰਾਹੀਂ ਪਤਾ ਲਗਦਾ ਹੈ... ਪਰ ਉਨ੍ਹਾਂ ਸਭ ਨੂੰ ਸਰਕਾਰ ਮਾਫ ਕਰ ਦਿੰਦੀ ਹੈ ਦੋ ਸ਼ਬਦ ਲਿਖ ਕੇ (ਇਹ ਦੋ ਸ਼ਬਦ ਹੁੰਦੇ ਹਨ–ਕਰਜਾ ਵਸੂਲ ਕਰਨਾ ਸੰਭਵ ਨਹੀਂ ਦਿਸਦਾ...ਕਚੈਹਰੀ ਦੀ ਦੀ ਮਦਦ ਰਾਹੀਂ ਕਰਜ਼ੇ ਤੋਂ ਵੀ ਵਧ, ਉਸਦੀ ਵਸੂਲੀ ਉਪਰ ਹੋ ਜਾਵੇਗਾ...ਹਾਈਕੋਰਟਾਂ ਅਤੇ ਹੋਰ ਕਚੈਹਰੀਆਂ ਵਿਚ ਕਈ ਲੱਖ ਮੁਕੱਦਮੇ ਸਾਲਾਂ ਤੋਂ ਲਟਕਦੇ ਆ ਰਹੇ ਹਨ–ਸੋ ਬਿਹਤਰ ਇਹੋ ਹੀ ਹੈ ਕਿ ਕਰਜ਼ਾ "ਖਤਮ ਕੀਤਾ" ਜਾਵੇ (WRITE OFF) ਜਾਵੇ। ਹਿੰਦੁਸਤਾਨੀਆਂ ਸਿਰੀਂ ਕਰਜੇ ਚੜ੍ਹਾਈ ਵੀ ਤੁਸੀਂ ਜਾਂਦੇ ਹੋ-ਵਸੂਲੀਆਂ ਬਾਬਤ ਨਰਮ ਕਾਨੂੰਨ ਬਣਾਉਣ ਬਾਬਤ ਕਹਿਕੇ ਲੋਕਾਂ ਸਿਰ ਅਹਿਸਾਨ ਵੀ ਚੜ੍ਹਾਈ ਜਾਂਦੇ ਹੋ"...?

## 6. ਖੇਤੀ ਬਾੜੀ ਕਾਮਿਆਂ ਦੀਆਂ ਉਜਰਤਾਂ ਬਾਰੇ ਕਾਨੂੰਨ ਉਤੇ ਫੇਰ ਨਜ਼ਰ ਮਾਰਨੀ।

ਗੱਲ ਕੁਝ ਲੈਣ ਦੇਣ ਦੀ ਨਹੀਂ ਹੈ ਹੋ ਰਹੀ ਨਾ ਕੋਈ

ਠੋਸ ਦਿਹਾੜੀ ਮਿਥਣ ਦੀ ਗੱਲ ਸਿਰਫ ਨਜ਼ਰ ਫੇਰਨ ਦੀ ਹੀ ਹੋ ਰਹੀ ਹੈ...ਮਹਿੰਗਾਈ ਕਰੀ ਜਾਉ, ਦਵਾਨੀ ਰੁਪਈਏ ਮਗਰ ਤਨਖਾਹਾਂ ਵਿਚ ਵਾਧਾ ਕਰੀ ਜਾਉ- ਤੁਸੀਂ ਵੀ ਖੁਸ਼, ਲੋਕ ਵੀ ਖੁਸ਼, ਪੱਕਾ ਹਲ ਕੋਈ ਨਾ ਕਰਿਉ...ਸਾਰੀ ਉਮਰ ਨਜ਼ਰ ਹੀ ਮਾਰਦੇ ਰਿਹੋ !!

**7. ਪੰਜਾਹ......ਹਜਾਰ......ਹੈਕਟੇਅਰ ਹੋਰ ਜ਼ਮੀਨ ਨੂੰ ਮਾਰੂ ਤੋਂ ਰੌਣੀ ਵਾਲੀ ਬਨਾਉਣਾ।**

ਵੈਸੇ ਇਹ 'ਹੈਕਟੇਅਰ' ਕਿੰਨੇ ਹਜ਼ਾਰ ਮੁਰੱਬਿਆਂ ਦਾ ਹੁੰਦਾ ਹੈ ? ਢਾਈ ਕਿਲਿਆਂ ਦਾ ਇਕ ਹੈਕਟੇਅਰ ਬਣਦਾ ਹੈ, ਇਸ ਨਾਲ ਹੁਣ ਬੀਜੀ ਜਾ ਰਹੀ ਕੁਲ 3050 ਲੱਖ ਹੈਕਟੇਅਰ ਜ਼ਮੀਨ ਵਿਚ 1/50 ਫੀ ਸਦੀ ਦਾ ਹੋਰ ਵਾਧਾ ਹੋ ਜਾਵੇਗਾ। ਇਹ ਜ਼ਮੀਨ 16 ਮੀਲ × 16 ਮੀਲ ਦੇ ਟੁਕੜੇ ਜਿੰਨੀ ਬਣਦੀ ਹੈ। ਜਲੰਧਰੋਂ-ਫਗਵਾੜੇ ਜਿੰਨੀ !

**8. ਬਿਜਲੀ ਪੈਦਾ ਕਰਨ ਦੇ ਪ੍ਰੋਗਰਾਮ ਨੂੰ ਤੇਜ਼ੀ ਨਾਲ ਵਧਾਉਣਾ। ਕੇਂਦਰੀ ਸਰਕਾਰ ਦੇ ਪ੍ਰਬੰਧ ਹੇਠ ਬਹੁਤ ਵਡੇ ਬਿਜਲੀ ਘਰ ਬਨਾਉਣ।**

ਥੀਨ ਡੈਮ ਇਸੇ ਕਰਕੇ ਕੁਲ ਪੰਝੀਆਂ ਸਾਲਾਂ ਵਿਚ ਪੂਰਾ ਹੋਣ ਦੀਆਂ 'ਸ਼ੁਭ' ਸੰਭਾਵਨਾ ਹੈਣ (1966-1991)। ਸਭ ਕੁਝ ਕੇਂਦਰ ਦੇ ਹੱਥਾਂ ਵਿਚ ਕੇਂਦਰਤ ਕਰੀ ਜਾਉ ਤੇ ਮੁੜਕੇ ਕੇਂਦਰ ਦੀ ਮਰਜ਼ੀ, ਜਿਸਨੂੰ ਬਿਜਲੀ ਦੇਵੇ, ਜਿਸ ਜਿਸ ਨੂੰ ਨਾ ਦੇਵੇ। ਸਰਕਾਰਾਂ ਡਿਸਮਿਸ ਕਰਨ ਦੀ ਫਿਰ ਬਦਨਾਮੀ ਹੀ ਨਹੀਂ ਖਟਣੀ ਪਿਆ ਕਰਨੀ। 'ਫਾਲਟ' (ਨੁਕਸ) ਦੇ ਬਹਾਨੇ ਚਾਰ ਦਿਨ ਬਿਜਲੀ ਬੰਦ ਕਰਨ ਨਾਲ ਲੋਕ ਆਪੇ ਹੀ ਗੈਰ-ਕਾਂਗਰਸੀ ਸਰਕਾਰਾਂ ਉਲਟਾ ਦਿਆ ਕਰਨਗੇ ?

**9. ਹੱਥ ਨਾਲ ਕੰਮ ਕਰਨ ਦੇ ਕਿਤਿਆਂ ਨੂੰ ਵਧਾਉਣ ਲਈ ਕੰਮ ਵਧਾਊ ਯੋਜਨਾਵਾਂ ਤਿਆਰ ਕਰਨੀਆਂ:**

ਸੰਨ 1975 ਵਿਚ ਜਦੋਂ ਮੁਲਕ ਦੇ ਰੁਜ਼ਗਾਰ ਦਫਤਰਾਂ ਮੁਤਾਬਕ ਬੇਰੁਜ਼ਗਾਰਾਂ ਦੀ ਗਿਣਤੀ 100 ਲੱਖ ਸੀ ਤਾਂ ਇੰਦਰਾ ਸਰਕਾਰ ਨੇ ਵੀਹਵੇਂ ਹਿੱਸੇ-5 ਲੱਖ ਲੋਕਾਂ ਨੂੰ ਨੌਕਰੀਆਂ ਮੁਹੱਈਆ ਕਰਨ ਖਾਤਰ ਹਾਫੇ-ਏ-ਮਿਲੀਅਨ-ਜਾਬ ਸਕੀਮ ਸ਼ੁਰੂ ਕੀਤੀ ਸੀ ਜੋ ਚਲਣ ਤੋਂ ਪਹਿਲਾਂ ਹੀ ਠੁਸ ਹੋ ਗਈ। ਇਸ ਸਕੀਮ ਅੰਦਰ, ਲੇਖਕ ਨੇ ਖੁਦ ਪੰਜਾਬ-ਨਹਿਰੀ ਵਿਭਾਗ ਚੰਡੀਗੜ੍ਹ ਵਿਖੇ ਕੰਮ ਕੀਤਾ ਸੀ। ਸਕੀਮ ਹੇਠ ਕੰਮ ਕਰਨ ਵਾਲਿਆਂ ਨੂੰ ਕੱਚੀ-ਨੌਕਰੀ ਤਾਂ ਮਿਲ ਗਈ ਸੀ, ਸਿਰਫ ਤਨਖਾਹ ਹੀ ਨਹੀਂ ਸੀ ਮਿਲੀ (ਡੂਢ ਸਾਲ ਤੀਕ) !

**10. ਲੋਕਾਂ ਦੇ ਕਪੜੇ ਦੀ ਕਿਸਮ ਚੰਗੀ ਕਰਨਾ ਅਤੇ ਉਸਦੀ ਸਪਲਾਈ ਨੂੰ ਵਧਾਉਣਾ:**

95 ਫੀ ਸਦੀ ਲੋਕਾਂ ਦੇ ਕਪੜੇ ਦੀ ਕਿਸਮ ਤਾਂ ਦਹਾਕਿਆਂ ਤੋਂ ਉਹੋ ਹੀ ਚਲੀ ਆ ਰਹੀ ਹੈ ਲੱਠਾ, ਖਾਸ਼ਾ, ਖੱਦਰ, ਛੀਟਾਂ, ਪਾਪਲੀਨ ਅਤੇ ਖਾਕੀ ਜੀਨ। ਬਸ ਫਰਕ ਸਿਰਫ ਇਨ੍ਹਾਂ ਪਿਆ ਹੈ ਕਿ ਅਗੇ ਖੱਦਰ ਦੋ ਰੁਪਏ ਗਜ਼ ਮਿਲਦਾ ਸੀ ਹੁਣ 8 ਰੁਪਈਏ ? ਹਾਂ ਅਫਸਰਾਂ ਅਤੇ ਧਨਵਾਨਾਂ ਦੇ ਪਾਉਣ ਵਾਲੇ ਕਪੜੇ ਦੇ ਡੂਢ ਕੁ ਹਜ਼ਾਰ ਨਮੂਨੇ ਰੰਗ ਅਤੇ ਡੀਜ਼ਾਈਨ ਜ਼ਰੂਰ ਮਾਰਕੀਟ ਵਿਚ ਛਾਏ ਹੋਏ ਹਨ ?

ਬਾਕੀ ਸਪਲਾਈ ਵਧਾਉਣ ਨਾਲ ਜਾਂ ਵਧ ਪ੍ਰੋਡਕਸ਼ਨ ਨਾਲ ਜ਼ਰੂਰੀ ਨਹੀਂ ਕਪੜਾ ਸਸਤਾ ਹੋ ਜਾਊਗਾ—ਗੰਨਾ ਵੀ ਤਾਂ ਬਹੁਤ ਹੋਇਆ ਸੀ ਪਰ ਖੰਡ-ਦੇਵੀ ਅੰਡਰ-ਗਰਾਊਂਡ ਚਲੀ ਗਈ ਸੀ...ਕਣਕ ਦੀ ਉਪਜ ਵਿਚ ਸੰਸਾਰ ਨੂੰ ਮਾਤ ਪਾ ਦਿਤਾ ਹੈ ਪਰ ਆਟਾ ਦੋ ਰੁਪਏ ਤੋਂ ਘਟ ਤੇ ਨਹੀਂ ਲਭਦਾ—ਸਵਾ ਰੁਪਏ ਵਾਲੀ 'ਡਾਲਮੀਏ' ਦੀ ਡਬਲਰੋਟੀ ਪੌਣੇ ਦੋ ਦੀ ਹੋ ਗਈ ਹੈ ?

**11. ਸ਼ਹਿਰੀ ਅਤੇ ਸ਼ਹਿਰੀ ਬਣ ਸਕਣ ਵਾਲੀ ਜ਼ਮੀਨ ਨੂੰ ਸਮਾਜ ਲਈ ਵਰਤਣਾ। ਮਾਲਕੀ, ਖੁਲ੍ਹੀ ਥਾਂ ਅਤੇ ਨਵੇਂ ਬਣਾਏ ਜਾਣ ਵਾਲੇ ਮਕਾਨਾਂ ਦੀ ਥਾਂ ਉਤੇ ਹੱਦਾਂ ਲਾਉਣੀਆਂ।**

ਬਸ ਪੰਜ 2, ਸੱਤ 2 ਫੁਹਾਰੇ ਅਤੇ ਰੰਗਦਾਰ ਬੱਲਬ ਲਗਾ ਦਿਉ ਹਰ ਇਕ ਸ਼ਹਿਰ ਵਿਚ। ਚਿੱਟ-ਕਪੜੀਏ ਅਤੇ ਹੋਰ ਬਾਹਰੋਂ ਆਉਣ ਵਾਲੇ ਇਨ੍ਹਾਂ ਮਨਮੋਹਣੀਆਂ ਜਲ-ਰੋਸ਼ਨੀਆਂ ਨੂੰ ਵੇਖ ਕੇ ਹੀ ਗਦ ੨ ਹੋ ਉਠਦੇ ਹਨ। ਮਾਲਰੋਡ ਤੇ ਜਗਦੇ ਲਾਲ-ਨੀਲੇ ਬਲਬਾਂ ਅਤੇ ਉਛਲ ਰਹੇ ਫੁਹਾਰਿਆਂ ਨੂੰ ਵੇਖ ਕੇ ਬਾਹਰੋਂ ਆਉਣ ਵਾਲੇ ਪਟਿਆਲੇ ਦੀ ਖੂਬਸੂਰਤੀ ਦੇ ਗੁਣ ਗਾਉਂਦੇ ਨਹੀਂ ਥਕਦੇ। ਇਹ ਤਾਂ ਉਹੀ ਜਾਣਦੇ ਹਨ ਜੋ ਪਟਿਆਲਾ ਸ਼ਹਿਰ ਦੇ ਇਤਿਹਾਸਕ ਗੰਦੇ ਨਾਲੇ ਦੇ ਆਲੇ ਦੁਆਲੇ ਰਹਿੰਦੇ ਹਨ ਕਿ ਮੱਛਰ ਵੀ ਗੈਂਡੇ 2 ਜਿਡੇ ਹੁੰਦੇ ਹਨ ? ਧੰਨਵਾਨਾ ਦੇ ਬੰਗਲਿਆਂ ਤੇ ਬੰਗਲੇ ਉਸਰਦੇ ਆ ਰਹੇ ਹਨ...ਹਮਾਤੜਾਂ ਨੂੰ ਚੂਹੇ ਦੀ ਖੁੱਡ ਬੰਦ ਕਰਨ ਜੋਗਾ 50 ਗਰਾਮ ਸੀਮੈਂਟ ਨਹੀਂ ਲਭਦਾ ?

**12. ਖਾਸ ਕਿਸਮ ਦੀਆਂ ਇਮਾਰਤਾਂ ਦਾ ਮੁੱਲ ਪਾਉਣ ਵਾਸਤੇ, ਉਚੇਚੇ ਬੰਦੇ ਨੀਅਤ ਕਰਨੇ, ਟੈਕਸ ਨਾ ਦੇਣ ਵਾਲਿਆਂ ਨੂੰ ਢੂੰਡਣਾ। ਆਰਥਕ ਗੁਨਾਹ ਕਰਨ ਵਾਲਿਆਂ ਵਿਰੁਧ ਸੰਖੇਪ ਕਾਰਵਾਈ ਕਰਨਾ ਅਤੇ ਸਬਕ-ਸਖਾਊ ਸਜਾਵਾਂ ਦੇਣੀਆਂ।**

ਇਹ ਅਜਿਹੇ ਸ਼ਹਿਨਸ਼ਾਹੀ ਬੰਗਲੇ ਕੀ 65 ਕਰੋੜ ਸਧਾਰਨ ਕਿਸਾਨ-ਮਜ਼ਦੂਰਾਂ-ਮੁਲਾਜਮਾਂ ਨੇ ਪਾਏ ਨੇ ? ਇਹ ਕੁਣਬਾ-ਪਰਵਾਰ ਲੀਡਰਾਂ, ਭਰੱਸ਼ਟ ਅਫਸਰਾਂ, ਸਟੇਬਾਜ਼ ਸ਼ਾਹੂਕਾਰਾਂ, ਇਨਕਮਟੈਕਸ ਚੋਰਾਂ ਅਤੇ ਬੇਈਮਾਨ ਠੇਕੇਦਾਰਾਂ ਨੇ ਤੁਹਾਡੀ ਹੀ ਛਤਰ ਛਾਇਆ ਹੇਠ ਪਾਏ ਹਨ ? ਰਹੀ ਗੱਲ ਆਰਥਕ ਗੁਨਾਹ ਕਰਨ ਵਾਲਿਆਂ ਨੂੰ ਸਜ਼ਾਵਾਂ ਦੇਣ ਦੀ......ਬਲੈਕੀਆਂ ਲਈ ਇਸ ਤੋਂ ਵਡੀ ਸਬਕ-ਸਿਖਾਊ ਸਜ਼ਾ ਹੋਰ ਕਿਹੜੀ ਹੋ ਸਕਦੀ ਹੈ...ਕਿ ਉਨ੍ਹਾਂ ਦੀ ਬਲੈਕਮਨੀ ਨੂੰ ਸ਼ਰੇਆਮ ਜਾਇਜ਼ ਕਰਾਰ ਦੇ ਦਿਤਾ ਜਾਵੇ ਤਾਂ ਜੁ ਅਗੇ ਤੋਂ ਵੀ ਨਝਿਝਕ ਹੋ ਕੇ ਇਨ-ਕਮਟੈਕਸ ਦੀ ਚੋਰੀ ਕਰ ਸਕਣ-ਨਿਧੱੜਕ ਹੋ ਕੇ ਬਲੈਕ ਕਰ ਸਕਣ। ਵੈਸੇ ਜੋ ਸਭ ਤੋਂ ਵਧ ਕਾਲਾ ਧੰਨ ਬੈਂਕਾਂ ਵਿਚ ਜਮ੍ਹਾਂ ਕਰਵਾਉਣਗੇ ਉਨ੍ਹਾਂ ਨੂੰ ਤਾਮਰਪੱਤਰ ਜਾਂ ਪਦਮ ਸ੍ਰੀ ਕਦੋਂ ਦਿਤੇ ਜਾਣਗੇ...?

## 13. ਸਮੱਗਲਰਾਂ ਦੀ ਜਾਇਦਾਦਾਂ ਜਬਤ ਕਰਨ ਬਾਰੇ ਖਾਸ ਕਾਨੂੰਨ ਬਨਾਉਣੇ।

ਅਗੇ ਕੋਫੇ-ਪੋਜ਼ਾ (COFEPOSA) ਵਰਗੇ ਕਾਨੂੰਨ ਕੀ ਮੰਦਰਾਂ ਦੇ ਪੁਜਾਰੀਆਂ ਦੀਆਂ ਲੰਗੋਟੀਆਂ ਜਬਤ ਕਰਨ ਵਾਸਤੇ ਬਣਾਏ ਗਏ ਸਨ। ਜਦੋਂ ਬਲੈਕੀਆਂ ਪ੍ਰਤੀ ਐਨੀ ਹਮਦਰਦੀ ਹੈ ਫਿਰ ਸਮੱਗਲਰਾਂ ਨਾਲ ਮਤੇਈ ਮਾਂ ਵਰਗਾਂ ਸਲੂਕ ਕਿਉਂ ? ਕੋਫੇਪੋਜ਼ਾ ਦਾ ਬਣਦਾ ਹੈ—ਬਲੈਕੀਆਂ-ਸਮੱਗਲਰਾਂ ਦੀਆਂ ਜਾਇਦਾਦਾਂ ਜਬਤ ਕਰਨੀਆਂ।

## 14. ਸਰਮਾਇਆ ਲਗਾਉਣ ਦੇ ਢੰਗਾਂ ਨੂੰ ਖੁਲ੍ਹ ਦੇਣਾ। ਇਮਪੋਰਟ (ਬਰਾਮਦੀ) ਲਾਈਸੈਂਸ ਦੀ ਗਲਤ ਵਰਤੋਂ ਕਰਨ ਵਾਲਿਆਂ ਵਿਰੁਧ ਕਾਰਵਾਈ ਕਰਨਾ:

ਸਵੈ-ਕਾਲਾ ਧਨ ਦਸਣ ਯੋਜਨਾ ਤੇ ਟੈਕਸ ਚੋਰੀ ਦਾ ਜੁਰਮਾਨਾ ਮਾਫ (ਵਲੰਟੈਰਿਲੀ ਬਲੈਕਮਨੀ ਡੈਕਲੇਰੇਸ਼ਨ ਸਕੀਮ-1975) ਮਗਰੋਂ ਸਪੈਸ਼ਲ ਬਾਂਡ ਸਕੀਮ-1981, ਸਰਮਾਇਆ ਲਾਉਣ ਦੀ ਪੂਰਣ ਖੁਲ੍ਹ ਹੀ ਤਾਂ ਹੈ ? "ਯੋਗਾ ਮਾਹਿਰ" ਧਰਿੰਦਰ ਬਰ੍ਹਮਚਾਰੀ ਤਾਂ ਕਰੋੜਾਂ ਰੁਪਈਆਂ ਦੀ "ਜਹਾਜ਼ਾਂ ਦੀ ਖਰੀਦੋ-ਫਰੋਖਤ" ਸਮੇਂ ਜਹਾਜ਼ੀ ਕੰਪਨੀ ਦਾ ਏਜੰਟ ਲੈ ਕੇ ਆਉਂਦੇ ਹਨ...ਕੀ ਇਹ ਬਰਾਮਦੀ ਲਾਈਸੈਂਸ ਦੀ ਸਹੀ ਵਰਤੋਂ ਹੋ ਰਹੀ ਹੈ ?

## 15. ਕਾਮਿਆਂ ਨੂੰ ਕਾਰਖਾਨਿਆਂ ਦੇ ਕੰਮਾਂ ਵਿਚ ਹਿੱਸਾ ਲੈਣ ਲਈ ਨਵੀਆਂ ਤਜਵੀਜ਼ਾਂ ਬਨਾਉਣੀਆਂ :

ਪ੍ਰਬੰਧਕਾਂ ਦੀਆਂ ਮੀਟਿੰਗਾਂ ਵਿਚ ਵਿਚਾਰੇ ਮਜ਼ਦੂਰ ਲੀਡਰ ਵੀ ਕੱਪ ਚਾਹ ਦੇ ਨਾਲ ਦੋ ਬਿਸਕੁਟ ਖਾ ਕੇ ਉਠ ਆਇਆ ਕਰਨਗੇ। ਉਹ ਮਜ਼ਦੂਰ-ਹਿਤੈਸ਼ੀਓ, ਮਜ਼ਦੂਰਾਂ ਦਾ ਬੋਨਸ ਕਿਉਂ ਹੜੱਪ ਕੀਤਾ ਸੀ ਐਮਰਜੈਂਸੀ ਦੁਰਾਨ ?

## 16. ਸੜਕਾਂ ਉਪਰ ਚਲਣ ਵਾਲੇ ਆਉ-ਜਾਈ ਦੇ ਢੰਗਾਂ ਲਈ ਸਾਰੇ ਦੇਸ਼ ਵਿਚ ਫਿਰਨ ਦੇ ਆਗਿਆ ਪੱਤਰ ਦੇਣੇ :

ਉਂਜ ਟੈਕਸੀ-ਟਰੱਕਾਂ ਵਾਲਿਆਂ ਦੇ ਤਾਂ ਅੱਥਰੂ ਤੁਸੀਂ ਪੂੰਝ ਦਿਤੇ, ਬਾਕੀ 99.9 ਫੀ ਸਦੀ ਮੋਟਰਾਂ-ਰੇਲਾਂ ਤੇ ਚੜ੍ਹਨ ਵਾਲਿਆਂ ਦਾ ਨੱਕ ਵਿਚ ਦਮ ਕਿਉਂ ਕਰੀ ਜਾ ਰਹੇ ਹੋ—ਗੱਡੀਆਂ/ਬੱਸਾਂ ਦੇ ਕਿਰਾਏ ਸਵਾਏ/ਡਿਉਢੇ ਕਰਕੇ ?

17. ਮੱਧ ਸ਼ਰੇਣੀ ਦੇ ਵਰਗਾਂ ਨੂੰ ਟੈਕਸਾਂ ਤੋਂ ਛੋਟ ਦੇਣਾ। ਅੱਠ ਹਜ਼ਾਰ ਤੀਕ ਦੀ ਆਮਦਨ ਤੀਕ (1975) ਕੋਈ ਟੈਕਸ ਨਾਂ ਲਗਾਉਣਾ।

ਗੱਜ ਕੇ ਬੋਲੋ-ਨਹੀਂ ਰੀਸ਼ਾਂ ਸਾਡੀ ਸਰਕਾਰ ਦੀਆਂ !!

ਆਹ ਪਹਿਲਾ ਨੁਕਤਾ ਆਇਆ ਜੋ ਜਿਸ ਵਿਚ ਦਰ-ਅਸਲ ਸਰਕਾਰ ਨੂੰ ਵਾਕਿਆ ਹੀ ਕੁਝ ਪੈਸੇ ਟਕੇ ਹਥੋਂ ਛਡਣੇ ਪਏ ਹਨ। ਬਾਕੀ ਉਪਰਲੇ 16 ਅਤੇ ਅਗਲੇ ਤਿੰਨ ਨੁਕਤਿਆਂ ਵਿਚ ਤਾਂ ਐਵੇਂ ਜ਼ਬਾਨੀ ਜਮ੍ਹਾਂ ਖਰਚ ਹੀ ਕੀਤਾ ਗਿਆ ਹੈ—ਕਾਨੂੰਨ ਬਣਾਉਣੇ-ਤਜਵੀਜ਼ਾਂ ਪਾਸ ਕਰਨੀਆਂ......ਨਜ਼ਰਾਂ ਫੇਰਨੀਆਂ-ਵਸੂਲੀਆਂ ਨਰਮ ਕਰਨੀਆਂ...ਸਬਕ ਸਿਖਾਊ ਸਜਾਵਾਂ ਦੇਣੀਆਂ...ਮਹਿੰ-ਗਾਈ ਰੋਕਣੀ...।

ਇਹੋ ਨੁਕਤਾ ਹੈ ਜਿਸ ਕਾਰਨ ਅਬਾਦੀ 1/5 ਫੀ ਸਦੀ ਲੋਕ ਫੁਲੇ ਨਹੀਂ ਸਨ ਸਮਾਉਂਦੇ ਜਿਨ੍ਹਾਂ ਨੂੰ ਚਾਲੀ-ਪੰਜਾਹ ਰੁਪਏ ਮਹੀਨੇ ਦਾ ਫਾਇਦਾ ਪੁਜਾ ਸੀ। ਹੁਣ ਦੇ ਬੱਜਟ ਵਿਚ ਵੀ ਇਨ੍ਹਾਂ ਨੂੰ ਅਜਿਹਾ ਲਾਲਚ ਦਿਤਾ ਗਿਆ ਹੈ ਅਤੇ ਇਹ ਵਧੇ ਹੋਏ ਬੱਸਾਂ ਦੀ ਟਿਕਟਾਂ-ਗੱਡੀਆਂ ਦੇ ਕਿਰਾਏ—ਜਿਸ ਬਹਾਨੇ ਲੂਣ-ਮਸਾਲੇ ਸਭ ਦੀਆਂ ਸਭ ਚੀਜ਼ਾਂ ਮਹਿੰਗੀਆਂ ਹੋ ਜਾਣੀਆਂ ਹਨ—ਉਹ ਇਹ ਸਭ ਭੁਲ ਗਏ ਹਨ ?

18. ਹੋਸਟਲਾਂ ਵਿਚ ਰਹਿੰਦੇ ਵਿਦਿਆਰਥੀਆਂ ਨੂੰ ਲੋੜ ਵਾਲੀਆਂ ਚੀਜ਼ਾਂ ਬੰਨ੍ਹੇ ਭਾਵਾਂ ਉਪਰ ਦੇਣੀਆਂ।

ਜਦੋਂ ਸ੍ਰੀਮਤੀ ਇੰਦਰਾ ਗਾਂਧੀ ਜੀ ਦਿੱਲੀ ਦੀ ਗੱਦੀ ਤੇ ਪਧਾਰੇ ਹਨ ਉਦੋਂ ਲੇਖਕ ਖੁਦ ਇਕ ਇੰਜੀਨੀਅਰਿੰਗ ਕਾਲਜ ਵਿਚ ਪੜਦਾ ਸੀ ਅਤੇ ਅਜ ਪੜਾਉਂਦਾ ਹੈ। ਹੋਸਟਲ ਵਿਚ ਰੋਟੀ ਦਾ ਖਰਚਾ ਇਸ ਤਰ੍ਹਾਂ ਸੀ:

| | |
|---|---|
| 1966-67 | 60 ਰੁਪਏ |
| 1974-75 | 140 ਰੁਪਏ (ਦਸ ਰੁਪਏ ਪ੍ਰਤੀ ਸਾਲ ਵਾਧਾ) |
| 1980-81 | 260 ਰੁਪਏ (ਵਾਧਾ 20 ਰੁਪਏ ਪ੍ਰਤੀ ਸਾਲ-ਚੀਜ਼ਾਂ 'ਮੁਕੱਰਰ ਭਾਵਾਂ' ਤੇ ਦੇਣ ਮਗਰੋਂ...?) |

ਖ਼ੁਰਾਕ ਦੀ ਮਿਕਦਾਰ ਅਤੇ ਕੁਆਲਟੀ ਅਗੇ ਤੋਂ ਘਟੀ ਬੇਸ਼ੱਕ ਹੋਵੇ—ਵਧੀ ਬਿਲਕੁਲ ਨਹੀਂ !

19, ਕਿਤਾਬਾਂ ਅਤੇ ਸਟੇਸ਼ਨਰੀ ਕੀਤੇ ਭਾਵਾਂ ਉਤੇ ਦੇਣੀਆਂ:—ਜ਼ਰਾ ਰੇਟ ਦੇਖ ਲਉ:

1966-67

| | |
|---|---|
| ਕੋਹੇਨੂਰ ਪੈਂਨਸਲ ਵਧੀਆ | 50 ਪੈਸੇ |
| ਰਜਿਸਟਰ 80 ਸਫੇ | 75 ਪੈਸੇ |
| ਆਮ ਡਰਾਇੰਗਸ਼ੀਟ | 30 ਪੈਸੇ |

| | 1974-75 | 1980-81 |
|---|---|---|
| ਕੋਹੇਨੂਰ ਪੈਂਨਸਲ | 1 ਰੁਪਈਆ | ਡੇੜ ਰੁਪਈਆ |
| ਰਜਿਸਟਰ | 85 ਪੈਸੇ (ਕੰਟਰੋਲ) | ਡੇੜ ਰੁਪਈਆ (64 ਸਫੇ) |
| ਆਮ ਡਰਾਇੰਗਸ਼ੀਟ | 90 ਪੈਸੇ | 120 ਪੈਸੇ |

ਵੈਸੇ ਪੰਜੀ ਪੈਨਸਲ ਮਗਰ, ਦਸੀ ਕਾਪੀ ਮਗਰ ਘਟ ਕਰਨ ਨਾਲ ਕਿੰਨਾ ਕੁ ਮੁਲਕ ਖ਼ੁਸ਼ਹਾਲ ਹੋ ਜਾਣਾ ਸੀ ?

20. ਸ਼ਗਿਰਦ ਰਖਣ ਲਈ ਨਵੀਆਂ ਯੋਜਨਾ ਤਿਆਰ ਕਰਨਾ, ਜਿਸ ਨਾਲ ਰੁਜ਼ਗਾਰ ਅਤੇ ਸਿਖਲਾਈ ਵਧੇ, ਖਾਸ ਤੌਰ ਤੇ ਕਮਜ਼ੋਰ ਵਰਗ ਲਈ :—

ਵੈਸੇ ਤਾਂ ਇਹ ਨੁਕਤਾ-ਕੋਈ ਨੁਕਤਾ ਹੀ ਨਹੀਂ ਬਣਦਾ ਕਿਉਂਕੇ ਇਹ ਸਭ ਕੁਝ ਤਾਂ ਪਹਿਲਾਂ ਹੀ ਨੁਕਤਾ ਨੰਬਰ 9 ਵਿਚ ਗਿਣਿਆ ਜਾ ਚੁਕਾ ਹੈ ਖੈਰ ਇਸਨੂੰ ਜੇ ਗਿਣਤੀ ਪੂਰੀ ਕਰਨ ਖਾਤਰ ਸਰਕਾਰ ਨੇ ਵੱਖ ਕਰਕੇ ਲਿਖਿਆ ਹੀ ਹੈ ਤਾਂ ਇਸ ਬਾਬਤ ਇਹੋ ਹੀ ਕਿਹਾ ਜਾ ਸਕਦਾ ਹੈ ਕਿ ਰੁਜ਼ਗਾਰ ਵਧੇ ਹੋਣ ਦਾ ਤਾਂ ਪਤਾ ਨਹੀਂ ਪਰ ਬੇ-ਰੁਜ਼ਗਾਰੀ ਦੀ ਗਿਣਤੀ ਵਿਚ ਹਰ ਸਾਲ ਦਸ ਲੱਖ ਦਾ ਵਾਧਾ ਹੋਈ ਜਾ ਰਿਹਾ ਹੈ। ਕਮਜ਼ੋਰ ਵਰਗਾਂ ਦੀ ਗਿਣਤੀ ਆਜ਼ਾਦੀ ਦੇ 33 ਸਾਲ ਪੂਰੇ ਹੋਣ ਨਾਲ 33 ਕਰੋੜ ਤੋਂ ਟਪ ਗਈ ਹੈ ?...ਤੇ ਇਹ ਸੀ 20 ਨੁਕਤਾ ਪ੍ਰੋਗਰਾਮ... ਆਰਥਕਤਾ ਵਿਚ ਵਾਧਾ ਕਰਨ ਵਾਲਾ ਇਨਕਲਾਬੀ ਪ੍ਰੋਗਰਾਮ...ਭਾਵੇਂ ਇਸ ਵਿਚ ਦੇਸ਼ ਦੇ 45 ਕਰੋੜ ਕਿਸਾਨਾਂ ਦੀ ਬੇਹਤਰੀ (ਫਸਲਾਂ ਦੇ ਵਾਜਬ ਭਾ-ਤੇਲ-ਬੀਜ ਬਿਜਲੀ ਪਾਣੀ ਵਾਜਬ ਦਰੀ) ਖਾਤਰ ਇਕ ਵੀ ਨੁਕਤਾ ਨਹੀਂ ਸੀ...ਭਾਵੇਂ ਇਸ ਵਿਚ ਦੇਸ਼ ਦੇ 15 ਕਰੋੜ ਹਰੀਜਨਾਂ ਅਤੇ ਹੋਰ ਪਛੜੀਆਂ ਜਾਤੀਆਂ ਨਾਲ ਸਬੰਧਤ ਭੈਣਾਂ-ਵੀਰਾਂ ਬਾਬਤ ਇਕ ਵੀ ਠੋਸ ਨੁਕਤਾ ਨਹੀਂ ਸੀ ਪਰ ਫਿਰ ਵੀ ਇਹ ਇਕ ਇਨਕਲਾਬੀ ਪ੍ਰੋਗਰਾਮ ਸੀ—ਤੇ ਭਾਵੇਂ ਰੇਲਾਂ—ਸੜਕਾਂ—ਸਕੂਲਾਂ, ਹਸਪਤਾਲਾਂ, ਘਰਾਂ, ਬਿਜਲੀ-ਪਾਣੀ ਆਦਿ ਵਰਗੀਆਂ ਸਹੂਲਤਾਂ ਮੁਹੱਈਆ ਕਰਨ ਦਾ ਕਿਤੇ ਜਿਕਰ ਤੀਕ ਨਹੀਂ ਸੀ ਪਰ ਫਿਰ ਵੀ ਇਹ ਇਕ ਸ਼ਾਨਦਾਰ ਪ੍ਰੋਗਰਾਮ ਸੀ...ਕਿਉਂਕਿ ਇਹ ਵੀਹਵੀਂ ਸਦੀ ਦੀ ਇਕ ਮਹਾਨ ਨੇਤਾ ਵਲੋਂ ਵਖਾਇਆ ਗਿਆ ਇਕ ਵਡਾ ਸਬਜ਼ ਬਾਗ ...। ੦

# 'ਚੀਨ ਦਾ ਬਦਲਿਆ ਸਭਿਆਚਾਰਕ ਦ੍ਰਿਸ਼'—ਗੋਲੂਚੇ

1976 ਵਿਚ ਚੇਅਰਮੈਨ ਮਾਓ ਦੇ ਚਲਾਣੇ ਤੋਂ ਬਾਦ ਚੀਨ ਦੀ ਸਿਆਸੀ ਜ਼ਿੰਦਗੀ ਵਿਚ ਜੋ ਤਬਦੀਲੀਆਂ ਹੋਈਆਂ। ਤੈਂਗ-ਹੂਆ ਜੋਦੀ ਨੇ ਜਿਸ ਸਾਜ਼ਸੀ ਢੰਗ ਨਾਲ ਸਿਆਸੀ ਤਾਕਤ ਹਾਸਲ ਕੀਤੀ ਅਤੇ ਚੇਅਰਮੈਨ ਮਾਓ ਦੀਆਂ ਨੀਤੀਆਂ ਦੇ ਸੱਚੇ ਪੈਰੋਕਾਰਾਂ ਮਾਓ ਦੀ ਪਤਨੀ ਮੈਡਮ ਚਿਆਂਗ ਚਿੰਗ ਤੇ ਉਸ ਦੇ ਹੋਰ ਤਿੰਨ ਸਾਥੀਆਂ ਨੂੰ ਜਿਸ ਤਰ੍ਹਾਂ ਗ੍ਰਿਫਤਾਰ ਕਰਕੇ ਉਨ੍ਹਾਂ ਤੇ ਚਿੱਕੜ ਸੁੱਟਣ ਦੀਆਂ ਕੋਸ਼ਿਸ਼ਾਂ ਕੀਤੀਆਂ। ਏਨਾਂ ਸਾਰੀਆਂ ਘਟਨਾਵਾਂ ਦਾ ਚੀਨ ਦਾ ਚੀਨ ਦੀ ਸਭਿਆਚਾਰਕ ਜ਼ਿੰਦਗੀ ਤੇ ਵੀ ਖਾਸਾ ਅਸਰ ਪਿਆ ਹੈ। 1976 ਤੋਂ ਬਾਦ ਲਗਾਤਾਰ ਇਨ-ਕਲਾਬੀ ਸਭਿਆਚਾਰ ਦੀ ਥਾਂ ਸੜੇ ਗਲੇ ਪੱਛਮੀ ਸਭਿਆ-ਚਾਰ ਨੂੰ ਚੋਰ ਮੋਰੀਓਂ ਲਿਆਉਣ ਦੀਆਂ ਕੋਸ਼ਿਸ਼ਾਂ, ਇਨਕਲਾਬੀ ਸਾਹਿਤ ਅਤੇ ਕਲਾਵਾਂ ਦੀ ਥਾ 'ਕਲਾਤਮਕ' ਸਾਹਿਤ ਤੇ ਕਲਾ ਨੂੰ ਬਿਠਾਉਣਾ, ਸਾਹਿਤ ਅਤੇ ਕਲਾ ਦੇ ਖੇਤਰ ਵਿਚ ਮਾਓ ਦੇ ਵਿਚਾਰਾਂ ਨੂੰ ਨਕਾਰਣ ਦੀਆਂ ਕੋਸ਼ਿਸ਼ਾਂ ਜ਼ਾਹਰ ਕਰਦੀਆਂ ਹਨ ਕਿ ਚੀਨੀ ਸਮਾਜ ਸਿਆਸੀ ਤੇ ਸਭਿਆਚਾਰਕ ਦੋਵਾਂ ਰੂਪਾਂ ਵਿਚ ਹੀ ਖਰੁਸ਼ਚੇਵ ਬਰੈਜ਼ਨੇਵ ਦੇ ਪਰਨਾਏ ਰੂਸੀ ਸਮਾਜ ਦੇ ਰਾਹ ਤੇ ਚੱਲਣ ਲਈ ਤਾਉਲਾ ਹੈ। ਪਰ ਇਕ ਗੱਲ ਦਾ ਫਰਕ ਹੈ। ਮੈਡਮ ਚਿਆਂਗ ਚਿੰਗ ਤੇ ਉਸਦੇ ਸਾਥੀਆਂ ਦੇ ਖਿਲਾਫ ਚਲਦੇ ਅਖੌਤੀ 'ਮੁਕੱਦਮੇ' ਦੌਰਾਨ ਇਹ ਪਤਾ ਲੱਗ ਰਿਹਾ ਹੈ ਕਿ ਚੀਨੀ ਜਨਤਾ ਵਿਚ ਉਨ੍ਹਾਂ ਦੀਆਂ ਜੜ੍ਹਾਂ ਡੂੰਘੀਆਂ ਹਨ ਤੇ ਤੈਂਗ-ਹੂਆ ਦਾ ਰਾਹ ਓਨਾ ਮੋਕਲਾ ਨਹੀਂ, ਜਿਨ੍ਹਾਂ ਖਰੁਸ਼ਚੇਵ-ਬਰੈਜ਼ਨੇਵ ਦਾ ਸੀ।

ਚੀਨ ਦੇ ਬਦਲਦੇ ਸਭਿਆਚਾਰਕ ਦ੍ਰਿਸ਼ ਦੀ ਥੋੜ੍ਹੀ ਜਿਹੀ ਜਾਣਕਾਰੀ ਹੇਠ ਲਿਖੀ ਮੁਲਾਕਾਤ ਤੋਂ ਵੀ ਹਾਸਲ ਹੁੰਦੀ ਹੈ। ਇਹ ਮੁਲਾਕਾਤ ਸਾਡੇ ਮੁਲਕ ਦੇ ਬੰਗਾਲੀ ਲੋਕ-ਕਲਾਕਾਰ ਸ੍ਰੀ ਹੇਮੰਗੋ ਬਿਸਬਸ ਨੇ ਅਕਤੂਬਰ-ਨਵੰਬਰ 1979 ਵਿਚ ਪੀਕਿੰਗ ਵਿਚ ਚੀਨੀ ਲੇਖਕਾਂ ਅਤੇ ਕਲਾਕਾਰਾਂ ਦੀ ਫੈਡਰੇਸ਼ਨ ਦੇ ਪ੍ਰਧਾਨ ਸ੍ਰੀ ਚਾਓ ਯਾਂਗ ਨਾਲ ਕੀਤੀ। ਹੇਮੰਗੋ ਬਿਸਵਾਸ ਬਜ਼ੁਰਗ ਆਦਮੀ ਹਨ, ਬੰਗਾਲੀ ਅਤੇ ਅਸਾਮੀ ਦੇ ਸੰਗੀਤਕਾਰ ਤੇ ਲੋਕ-ਗਾਇਕ। 'ਇਪਟਾ' ਦੇ ਮੁੱਢਲੇ ਸਥਾਪਕਾਂ ਵਿਚੋਂ ਇਕ। ਚੀਨ ਦੀ ਕਈ ਵਾਰ ਯਾਤਰਾ ਕਰ ਚੁੱਕੇ ਹਨ ਅਤੇ ਚੀਨ ਸਬੰਧੀ ਬੰਗਾਲੀ ਵਿਚ ਦੋ ਪੁਸਤਕਾਂ ਲਿਖ ਚੁਕੇ ਹਨ।

ਚਾਓ ਯਾਂਗ ਨੂੰ ਸਭਿਆਚਾਰਕ ਇਨਕਲਾਬ ਦੌਰਾਨ

ਦੁਤਕਾਰਿਆ ਗਿਆ ਸੀ। ਉਹ ਚੀਨੀ ਕਲਾ ਤੇ ਸਾਹਿਤ ਤੇ ਕਾਫੀ ਵੱਡੇ ਅਲੋਚਕ ਮੰਨੇ ਜਾਂਦੇ ਹਨ ਅਤੇ ਚੀਨੀ ਕਮਿਊਨਿਸਟ ਪਾਰਟੀ ਦੇ ਏਸ ਵੇਲੇ ਦੇ ਪ੍ਰਚਾਰ ਵਿਭਾਗ ਦੇ ਉਪ-ਨਿਰਦੇਸ਼ਕ ਹਨ।

ਬਿਸਵਾਸ : ਆਪਣੇ ਕੀਮਤੀ ਵਕਤ ਵਿਚੋਂ ਕੁਝ ਸਮਾਂ ਮੈਨੂੰ ਦੇਣ ਲਈ ਮੈਂ ਤੁਹਾਡਾ ਬੇਹੱਦ ਸ਼ੁਕਰਗੁਜ਼ਾਰ ਹਾਂ। ਪਿਛਲੀ ਵੇਰਾਂ, ਲਿਨ ਪਿਆਓ ਦੇ ਪਤਨ ਤੋਂ ਬਾਦ 1974 ਵਿਚ ਮੈਂ ਚੀਨ ਆਇਆ ਸਾਂ ਤਾਂ ਜਿੰਨ੍ਹਾਂ ਕਲਾਕਾਰਾਂ ਨਾਲ ਗੱਲਬਾਤ ਹੋਈ, ਉਹ ਅਕਸਰ 'ਸੀ ਹਾਏ ਫਾਂਜ' ਜਾਂ ਚਾਰ ਸ਼ੈਤਾਨ—ਸ਼ੀਆ ਸੇਨ, ਤੀਏਨ ਹਾਨ, ਯਾਂਗ ਹਾਨ ਸ਼ੇਨ ਅਤੇ ਤੁਹਾਡੇ ਸਮੇਤ ਦਾ ਨਾਂ ਲੈਂਦੇ ਸਨ । ਤੁਹਾਨੂੰ ਇਸ ਗਰੁਪ ਦਾ ਆਗੂ ਦਸਿਆ ਜਾਂਦਾ ਸੀ। ਸੋ ਅੱਜ ਮੈਨੂੰ ਚਾਰ ਸ਼ੈਤਾਨਾਂ ਦੇ ਆਗੂ ਨਾਲ ਮਿਲਣ ਦੀ ਮਾਣ ਭਰੀ ਸ਼ਾਨ ਮਿਲੀ ਹੈ (ਹਾਸਾ)। ਅਸੀਂ 'ਚਾਰਾਂ ਦੀ ਜੁੰਡਲੀ' ਬਾਰੇ ਬੜਾ ਕੁਝ ਸੁਣਿਆ ਹੈ । ਪਿਛਲੇ ਦਿਨੀਂ ਕੁਝ ਮਹੱਤਵਪੂਰਨ ਲੇਖਕਾਂ ਅਤੇ ਕਲਾਕਾਰਾਂ, ਜਿੰਨ੍ਹਾਂ ਨੂੰ ਮੈਂ ਨੇੜਿਓਂ ਜਾਣਦਾ ਹਾਂ, ਨਾਲ ਮੇਰੀ ਗੱਲਬਾਤ ਵਿਚ ਮੈਨੂੰ ਉਨ੍ਹਾਂ ਦੇ ਭਿਆਨਕ ਤਸੀਹਿਆਂ ਵਿਚੋਂ ਲੰਘਣ ਦੀਆਂ ਖਬਰਾਂ ਮਿਲੀਆਂ ਹਨ ਅਤੇ ਮੈਨੂੰ ਇਹ ਵੀ ਅਹਿਸਾਸ ਹੋਇਐ ਕਿ ਲਿਨ-ਪਿਆਓ ਦੀ ਅੱਤਿ-ਖੱਬੂ 'ਪਰੋਲਕਲਟ' ਨੇ ਸੋ ਫੁੱਲਾਂ ਨਾਲ ਕੀ ਭਿਆਨਕ ਕਾਰਾ ਗੁਜ਼ਾਰਿਐ। ਪਰ ਉਨ੍ਹਾਂ ਦੀਆਂ ਬੇਹੱਦ ਗੰਭੀਰ ਗਲਤੀਆਂ ਨੂੰ ਠੀਕ ਕਰਦਿਆਂ ਚੀਨ ਵਿਚ ਅੱਜ ਅਜਿਹਾ ਕੁਝ ਕਿਹਾ ਅਤੇ ਕੀਤਾ ਜਾ ਰਿਹੈ ਕਿ ਇਸਨੇ ਸਾਡੇ ਅੰਦਰ ਬਹੁਤ ਅਸਪਸ਼ਟਤਾ ਫੈਲਾਈ ਹੈ। ਜੇ ਤੁਸੀਂ ਮੈਨੂੰ ਇਜ਼ਾਜ਼ਤ ਦਿਓ ਤਾਂ ਮੈਂ ਤੁਹਾਡੇ ਸਾਹਮਣੇ ਸਪਸ਼ਟ ਅਤੇ ਸੁਤੰਤਰ ਰੂਪ ਵਿਚ ਇਹ ਕੁਝ ਸਵਾਲ ਉਠਾਵਾਂਗਾ।

ਚਾਓ-ਯਾਂਗ : ਤੁਸੀਂ ਸਾਡੇ ਪੁਰਾਣੇ ਦੋਸਤ ਹੋ, ਤੁਹਾਡੇ ਹਰ ਸਵਾਲ ਦਾ ਸਵਾਗਤ ਹੈ।

ਬਿਸਵਾਸ : 18 ਜੂਨ 1979 ਨੂੰ ਪੰਜਵੀਂ ਨੈਸ਼ਨਲ ਪੀਪਲਜ਼ ਕਾਂਗਰਸ਼ ਦੇ ਦੂਜੇ ਸੈਸ਼ਨ ਨੂੰ ਸੰਬੋਧਤ ਕਰਦਿਆਂ ਹੂਆ-ਕੂਓ-ਫੇਂਗ ਨੇ ਕਿਹਾ..."ਪਰ ਸਾਡੇ ਸਮਾਜ ਵਿਚ ਹੁਣ ਜਮਾਤੀ ਘੋਲ ਮੁੱਖ ਅੰਤਰ ਵਿਰੋਧ ਨਹੀਂ ਨਹੀਂ ਹੈ, ਇਸਨੂੰ ਚਲਾਉਂਦਿਆਂ ਸਾਨੂੰ ਸਮਾਜਵਾਦੀ ਆਧੁਨਿਕਤਾ ਦੇ ਕੇਂਦਰੀ ਮਸਲੇ ਤੇ ਕੇਂਦਰਤ ਰਹਿਣਾ ਚਾਹੀਦਾ ਹੈ..."

ਮੇਰੇ ਵਿਚਾਰ ਵਿਚ ਇਹ ਮਾਓ ਦੇ ਚਿੰਤਨ ਤੋਂ ਸਪਸ਼ਟ ਰੂਪ ਵਿਚ ਭਟਕਣਾ ਹੈ।

ਚਾਓ-ਯਾਂਗ : ਆਪਣੀ ਰਚਨਾ 'ਲੋਕਾਂ ਵਿਚਕਾਰ ਅੰਤਰ ਵਿਰੋਧਾਂ ਦੇ ਸਹੀ ਹੱਲ ਬਾਰੇ' ਵਿਚ ਚੇਅਰਮੈਨ ਮਾਓ ਨੇ ਖੁਦ ਕਿਹੈ, "ਇਨਕਲਾਬ ਵੇਲੇ ਦੇ ਵੱਡੇ ਪੱਧਰ ਦੇ ਤੂਫਾਨੀ ਜਮਾਤੀ ਘੋਲ ਆਮ ਤੌਰ ਤੇ ਖਤਮ ਹੋ ਗਏ ਹਨ।" ਜਮਾਤੀ ਘੋਲ ਇਤਿਹਾਸਕ ਵਿਕਾਸ ਦੇ ਵੱਖ ਵੱਖ ਦੌਰਾਂ ਦੌਰਾਨ ਸਮਝਣਾ ਤੇ ਚਲਾਉਣਾ ਪੈਂਦਾ ਹੈ। ਮੁਕਤੀ ਤੋਂ ਬਾਦ, ਵੱਖ ਵੱਖ ਦੌਰਾਂ ਵਿਚ ਜਮਾਤੀ ਘੋਲ ਕਦਮ-ਬ-ਕਦਮ ਚਲਾਉਣ ਦੀ ਥਾਂ ਵਧਾਇਆ ਗਿਆ —ਜਿਵੇਂ ਸੱਜੂਆਂ ਖਿਲਾਫ ਘੋਲ ਵਿਚ, ਸੋਧ ਮੁਹਿੰਮ ਦੌਰਾਨ – ਬੇਰੋਕ ਤੇ ਵੱਡੀ ਪੱਧਰ ਤੇ ਚਲਾਇਆ ਗਿਆ ਹਾਲਾਂ ਕਿ ਸੱਜੂ ਬਹੁਤ ਥੋੜੇ ਸਨ । ਇਸਦਾ ਸਾਨੂੰ ਨੁਕਸਾਨ ਹੋਇਐ ਕਿਉਂਕਿ ਜਦ ਘੋਲ ਦਾ ਸਾਰਾ ਘੇਰਾ ਗੈਰ ਜ਼ਰੂਰੀ ਤੌਰ ਤੇ ਵਧਾਇਆ ਗਿਆ ਤਾਂ ਉਲਟ ਇਨਕਲਾਬੀਆਂ ਨੇ ਫਾਇਦਾ ਉਠਾਇਆ।

ਬਿਸਵਾਸ : ਚੀਨ ਵਿਚ ਆਉਂਦਿਆਂ ਹੀ ਮੈਨੂੰ ਲੋਕ ਜਮਹੂਰੀ ਚੀਨ ਦੀ ਤੀਹਵੀਂ ਵਰ੍ਹੇ ਗੰਢ ਤੇ ਦਿਤੇ ਮਾਰਸ਼ਲ ਯੇਅ-ਚਿਆਨ-ਯਿੰਗ ਦੇ ਭਾਸ਼ਣ ਦਾ ਪੂਰਾ ਮਸੌਦਾ ਮਿਲਿਆ। ਸੱਚੀ ਗੱਲ ਇਹ ਕਿ ਮੈਂ ਇਸ ਤੋਂ ਖੁਸ਼ ਨਹੀਂ ਹਾਂ। ਉਸਦਾ ਭਾਸ਼ਣ ਪਾਰਟੀ ਦੀ ਅੱਠਵੀਂ ਕਾਂਗਰਸ ਦੀ, ਜਿਸ ਵਿਚ ਸਿਆਸਤ ਨਹੀਂ ਪੈਦਾਵਾਰੀ ਤਾਕਤਾਂ ਨੂੰ ਕਮਾਂਡ ਵਿਚ ਰੱਖਿਐ ਗਿਐ, ਦੀ ਪ੍ਰੋੜਤਾ ਕਰਦਾ ਹੈ। ਕਿਰਪਾ ਕਰਕੇ ਮੈਨੂੰ ਚਾਉ-ਐਨ-ਲਾਈ ਦੀ ਦੱਸਵੀਂ ਕਾਂਗਰਸ ਨੂੰ ਰਿਪੋਰਟ ਵਿਚੋਂ ਕੁਝ ਲਾਈਨਾਂ ਕਹਿਣ ਦੀ ਇਜ਼ਾਜ਼ਤ ਦਿਓ। ਨੌਵੀਂ ਕਾਂਗਰਸ ਅੱਗੇ ਪੇਸ਼ ਲਿਨ ਪਿਆਓ ਦੀ ਰੱਦ ਕੀਤੀ ਰਿਪੋਰਟ, ਜੋ ਚੇਅਰਮੈਨ ਮਾਓ ਦੇ ਨਿਰਦੇਸ਼ਨ ਵਿਚ ਹੋਈ ਸੀ, ਵੱਲ ਇਸ਼ਾਰਾ ਕਰਦਿਆਂ ਚਾਉ-ਐਨ-ਲਾਈ ਨੇ ਕਿਹਾ—"ਕਾਂਗਰਸ ਤੋਂ ਪਹਿਲਾਂ, ਲਿਨ ਪਿਆਓ ਨੇ ਚੈਨ ਪੋਟਾ ਨਾਲ ਸਾਂਝ ਭਿਆਲੀ ਵਿਚ ਰਾਜਨੀਤਕ ਰਿਪੋਰਟ ਦਾ ਖਰੜਾ ਲਿਆਂਦਾ ।...ਇਹ ਨਵੀਆਂ ਹਾਲਤਾਂ ਵਿਚ ਉਹੋ ਸੋਧਵਾਦੀ ਕੂੜੇ ਦਾ ਨਵਾਂ ਸੁਆਰਿਆ ਰੂਪ ਸੀ, ਜੋ ਲਿਊ-ਸ਼ਾਓ-ਚੀ ਅਤੇ ਚੈਨ ਪੋਟਾ ਨੇ ਅੱਠਵੀਂ ਕਾਂਗਰਸ ਦੇ ਮਤੇ ਵਿਚ ਘੁਸਾਇਆ ਸੀ ਜਿਸ ਵਿਚ ਇਲਜ਼ਾਮ ਲਾਇਆ ਗਿਐ ਕਿ ਮੁੱਖ ਅੰਤਰ ਵਿਰੋਧ ਪਰੋਲਤਾਰੀ ਤੇ ਬੁਰਜੂਆਜ਼ੀ ਵਿਚ ਨਾ ਹੋ ਕੇ, ਸਗੋਂ ਅਗਾਂਹ ਵਧੇ ਸਮਾਜਵਾਦੀ ਪ੍ਰਬੰਧ ਅਤੇ ਸਮਾਜ ਦੀਆਂ ਪੱਛੜੀਆਂ ਪੈਦਾਵਾਰੀ ਤਾਕਤਾਂ ਵਿਚਕਾਰ ਹੈ।

ਯੇਅ-ਚਿਏਨ-ਯਿੰਗ ਦੀ ਤਕਰੀਰ ਦਸਵੀਂ ਕਾਂਗਰਸ ਨਖਿੱਧ ਕੇ ਅੱਠਵੀਂ ਕਾਂਗਰਸ ਨੂੰ ਪਰਪੱਕ ਕਰਨ ਵਲ ਝੁਕੀ ਹੈ।

ਚਾਓ-ਯਾਂਗ : ਅੱਠਵੀਂ ਕਾਂਗਰਸ ਦੀ ਲਾਈਨ ਦਰੁਸਤ ਸੀ ਅਤੇ ਦਸਵੀਂ ਕਾਂਗਰਸ ਵਿਚ ਪ੍ਰਧਾਨ ਮੰਤਰੀ ਚਾਓ ਨੇ ਅੱਠਵੀਂ ਕਾਂਗਰਸ ਨੂੰ ਨਖਿੱਧ ਕੇ ਰਿਪੋਰਟ ਇਸ ਲਈ ਪੇਸ਼ ਕੀਤੀ, ਕਿਉਂਕਿ ਉਦੋਂ 'ਚਹੁੰਆਂ ਦੀ ਜੁੰਡਲੀ' ਤਾਕਤ ਵਿਚ ਸੀ। ਅੱਠਵੀਂ ਕਾਂਗਰਸ ਦੀ

ਆਪਣੀ ਹੀ ਇਤਿਹਾਸਕ ਪਿੱਠਭੂਮੀ ਹੈ, ਬਾਦ ਦੀਆਂ ਘਟਨਾਵਾਂ ਨੇ ਅੱਠਵੀਂ ਕਾਂਗਰਸ ਦੇ ਸਹੀ ਹੋਣ ਨੂੰ ਸਾਬਤ ਕੀਤਾ ਹੈ। ਤੀਹਵੀਂ ਵਰ੍ਹੇਗੰਢ ਤੇ ਅਸੀਂ ਇਹ ਦਰੁਸਤ ਜਾਇਜ਼ਾ ਲਿਆ, ਜੋ ਅਸੀਂ ਪਹਿਲਾਂ ਨਹੀਂ ਲਿਆ।

ਬਿਸਵਾਸ : ਮਾਰਸ਼ਲ ਯੇਹ ਨੇ ਆਪਣੇ ਭਾਸ਼ਣ ਵਿਚ ਕੁਝ ਅਜਿਹਾ ਕਿਹੈ ਜੋ ਸਭਿਆਚਾਰਕ ਇਨਕਲਾਬ ਦੀਆਂ ਜੜ੍ਹਾਂ ਨੂੰ ਉਖਾੜਦਾ ਹੈ। ਉਹ ਕਹਿੰਦੇ—'ਜਿਸ ਵੇਲੇ ਸਭਿਆਚਾਰਕ ਇਨਕਲਾਬ ਸ਼ੁਰੂ ਕੀਤਾ ਗਿਆ, ਪਾਰਟੀ ਅੰਦਰ ਤੇ ਦੇਸ਼ ਅੰਦਰ ਹਾਲਤ ਦਾ ਜੋ ਜਾਇਜ਼ਾ ਲਿਆ ਗਿਆ ਉਹ ਹਕੀਕਤਾਂ ਦੇ ਉਲਟ ਸੀ, ਸੋਧਵਾਦ ਦੀ ਕੋਈ ਨਿਸਚਿਤ ਪਰੀਭਾਸ਼ਾ ਨਹੀਂ ਦਿਤੀ ਗਈ, ਘੋਲ ਦੀ ਗਲਤ ਨੀਤੀ ਅਤੇ ਤਰੀਕੇ ਅਪਣਾਏ ਗਏ ਜੋ ਜਮਹੂਰੀ ਕੇਂਦਰੀਵਾਦ ਦੇ ਅਸੂਲ ਤੋਂ ਭਟਕਣਾ ਸੀ।" ਪਰ ਚੀਨੀ ਕਮਿਊਨਿਸਟ ਪਾਰਟੀ ਦੀ ਗਿਆਰਵੀਂ ਕਾਂਗਰਸ ਵਿਚ ਚੇਅਰਮੈਨ ਹੂਆ-ਕੁਓ-ਫੇਂਗ ਨੇ ਆਪਣੀ ਰਿਪੋਰਟ ਵਿਚ ਕਿਹਾ ਕਿ "ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਇਤਿਹਾਸ ਵਿਚ ਸਭਿਆਚਾਰਕ ਇਨਕਲਾਬ ਇਕ ਨਿਹਾਇਤ ਸ਼ਾਨਦਾਰ ਤੇ ਮਹੱਤਵ-ਪੂਰਣ ਖੋਜ ਮੰਨੀ ਜਾਵੇਗੀ।" ਕੀ ਮਾਰਸ਼ਲ ਯੇਹ ਚੇਅਰਮੈਨ ਹੂਆ ਨਖਿੱਧ ਨਹੀਂ ਰਹੇ ?

ਚਾਓ-ਯਾਂਗ : ਗਿਆਰਵੀਂ ਕੇਂਦਰੀ ਕਮੇਟੀ (22 ਦਸੰਬਰ 1978) ਦੇ ਤੀਜੇ ਪਲੈਨਰੀ ਸੈਸ਼ਨ ਨੇ ਫੈਸਲਾ ਕੀਤਾ ਹੈ ਕਿ ਮਹਾਨ ਸਭਿਆਚਾਰਕ ਇਨਕਲਾਬ ਤੇ ਇਤਿ-ਹਾਸਕ, ਵਿਗਿਆਨਕ ਤੇ ਯਥਾਰਥਕ ਰੂਪ ਵਿਚ ਵਿਚਾਰ ਕੀਤਾ ਜਾਵੇ। ਮਾਓ-ਜ਼ੇ-ਤੁੰਗ ਨੇ ਇਸਨੂੰ ਚੀਨ ਨੂੰ ਸੋਵੀਅਤ ਯੂਨੀਅਨ ਬੰਸ ਸੋਧਵਾਦੀ ਹੋਣੋਂ ਬਚਾਉਣ ਲਈ ਅਰੰਭਿਆ ਸੀ। ਪਰ ਇਸ ਵਿਚ ਗੰਭੀਰ ਕਮੀਆਂ ਤੇ ਗਲਤੀਆਂ ਸਨ, ਜਿਨ੍ਹਾਂ ਬਾਰੇ ਕੇਂਦਰੀ ਕਮੇਟੀ ਨੇ ਮੁਨਾਸਬ ਵਕਤ ਤੇ ਉਚਤ ਜਾਇਜ਼ਾ ਲੈਣ ਦਾ ਨਿਰਣਾ ਕੀਤਾ ਹੈ, ਇਸ ਸਬੰਧੀ ਕੋਈ ਕਾਹਲ ਨਹੀਂ ਹੋਣੀ ਚਾਹੀਦੀ। ਚੇਅਰਮੈਨ ਮਾਓ, ਜੋ ਵਾਪਰਿਐ, ਉਸ ਬਾਰੇ ਆਪਣੀ ਜ਼ਿੰਮੇਦਾਰੀ ਤੋਂ ਮੁਨਕਰ ਨਹੀਂ ਹੋ ਸਕਦੇ। ਅਸੀਂ ਉਸਦਾ ਝੰਡਾ ਉੱਚਾ ਚੁੱਕੀ ਰੱਖਣ ਲਈ ਹੀ, ਜੋ ਹਾਲੀਂ ਵੀ ਸਾਡੀ ਰਾਹ ਦਿਖਾਊ ਲਾਈਨ ਹੈ, ਉਸ ਦੀਆਂ ਗਲਤੀਆਂ ਉਭਾਰਦੇ ਹਾਂ।

ਬਿਸਵਾਸ : ਮਾਰਸ਼ਲ ਯੇਹ ਦੇ ਭਾਸ਼ਣ ਅਤੇ ਇਥੇ ਦੋਸਤਾਂ ਨਾਲ ਮੇਰੀ ਗੱਲਬਾਤ ਤੋਂ ਮੈਨੂੰ ਪ੍ਰਤੱਖ ਹੈ ਕਿ ਚੀਨੀ ਕਮਿਊਨਿਸਟ ਪਾਰਟੀ ਦੀ ਲੀਡਰਸ਼ਿਪ ਵਿਚ ਚੇਅਰ-ਮੈਨ ਮਾਓ ਦਾ ਮੁਕੰਮਲ ਪੁਨਰਮੁਲੰਕਣ ਕੀਤਾ ਜਾ ਰਿਹੈ। ਮਾਰਸ਼ਲ ਯੇਹ ਆਪਣੇ ਭਾਸ਼ਣ ਵਿਚ ਕਹਿੰਦੇ, ਮਾਓ ਮਹਾਨ ਮਾਰਕਸਵਾਦੀ ਹੈ ਪਰ ਅਗਲੇ ਹੀ ਸਾਹ, ਉਹ ਮਾਓ ਦੇ ਸਮਾਜਵਾਦੀ ਨਿਰਮਾਣ ਬਾਰੇ ਕੁਝ ਬੁਨਿਆਦੀ ਵਿਚਾਰਾਂ ਤੇ ਹੂੰਝਾ ਫੇਰੂ ਅਲੋਚਨਾ ਕਰਦਾ ਹੈ। ਕੀ ਇਹ ਮਾਓ ਦਾ ਵਿਰੋਧ ਕਰਨ ਲਈ ਹੀ ਉਸ ਦੀ ਤਾਰੀਫ ਕਰਨਾ ਨਹੀਂ ਜਾਪਦਾ ?

ਚਾਓ-ਯਾਂਗ : ਅਸੀਂ ਉਸਦਾ ਵਿਰੋਧ ਨਹੀਂ ਕਰ ਸਕਦੇ। ਮਾਓ ਦੇ ਬਿਨਾਂ ਕੋਈ ਨਵਾਂ ਚੀਨ ਨਹੀਂ। ਜਦੋਂ ਅਸੀਂ "ਤੱਥਾਂ ਤੋਂ ਸੱਚ ਲੱਭੋ" ਕਹਿੰਦੇ ਹਾਂ ਤਾਂ ਮਾਓ ਦੇ ਹੀ ਅਸੂਲਾਂ ਦਾ ਅਸੀਂ ਪਾਲਣ ਕਰਦੇ ਹਾਂ। ਅਸੀਂ ਸਿਰਫ ਮਾਓ ਦੁਆਲੇ ਜੋ ਲਿਨ ਪਿਆਓ ਤੇ 'ਚੰਡਾਲ ਚੌਕੜੀ' ਵਲੋਂ ਅਧੁਨਿਕ ਵਹਿਮ ਸਿਰਜਿਆ ਗਿਐ, ਉਸਦੀ ਅਲੋਚਨਾਂ ਕਰਦੇ ਹਾਂ। ਬਦੇਸ਼ੀ ਪ੍ਰੈਸ ਜੋ ਮਾਓ ਰਹਿਤੀ-ਕਰਣ ਦਾ ਜੋ ਪ੍ਰਚਾਰ ਕਰ ਰਿਹੈ, ਉਸਤੋਂ ਪ੍ਰਭਾਵਤ ਨਾ ਹੋਵੋ। ਅਸੀਂ ਕਦੀ ਵੀ ਖਰੁਸ਼ਚੇਵ ਵਾਂਗ ਨਹੀਂ ਕਰਾਂਗੇ।

ਬਿਸਵਾਸ : ਤੈਂਗ-ਸਿਆਓ-ਪਿੰਗ ਨੇ ਜਪਾਨ ਵਿਚ ਬਦੇਸ਼ੀ ਪੱਤਰਕਾਰਾਂ ਦੇ ਜਵਾਬ ਵਿਚ ਫਰਮਾਇਆ, "ਮਾਓ 70% ਸਹੀ ਹੈ ਤੇ 30% ਗਲਤ"। ਮਾਓ ਚੀਨ ਦਾ ਹੀ ਨਹੀਂ ਸਾਰੀ ਦੁਨੀਆਂ ਦੇ ਸੱਚੇ ਇਨਕਲਾਬੀਆਂ ਦਾ ਆਗੂ ਸੀ। ਬਿਨਾਂ ਉਸਦੀਆਂ ਗਲਤੀਆਂ ਬਾਰੇ ਦੱਸੇ ਅਜਿਹੀ ਬਿਆਨਬਾਜ਼ੀ ਬੇਹੱਦ ਅਨੁਚਿਤ ਹੈ। ਇਸਨੇ ਇਨਕਲਾਬੀਆਂ ਅੰਦਰ ਸਿਰਫ ਘਚੋਲਾ ਪੈਦਾ ਕਰਨ ਵਿਚ ਹੀ ਮਦਦ ਕੀਤੀ ਹੈ।

ਚਾਓ ਯਾਂਗ : ਉਸਨੇ ਇਹ ਸਿਰਫ ਉਦੋਂ ਹੀ ਕਿਹਾ ਜਦੋਂ ਪੱਤਰਕਾਰਾਂ ਨੇ ਸਵਾਲ ਕੀਤਾ।

ਬਿਸਵਾਸ : ਮੇਰੇ ਸਨਿਮਰ ਵਿਚਾਰ ਵਿਚ, ਪ੍ਰਧਾਨ ਮੰਤਰੀ ਚਾਓ ਨੇ ਇਹ ਸਵਾਲ ਟਾਲ ਜਾਣਾ ਸੀ ਜਾਂ ਘੱਟਘੱਟ ਬਦੇਸੀ ਪੱਤਰਕਾਰਾਂ ਸਾਹਵੇਂ ਮਾਓਬਾਂਗ ਅਜਿਹੀ ਧਾਰਣਾ ਨਹੀਂ ਸੀ ਰੱਖਣੀ, ਖਾਸ ਕਰ ਉਦੋਂ ਜਦੋਂ ਮਸਲਾ ਹਾਲੀਂ ਵੀ ਚੀਨੀ ਕਮਿਊਨਿਸਟ ਪਾਰਟੀ ਦੇ ਵਿਚਾਰ ਅਧੀਨ ਹੈ।

ਬਿਸਵਾਸ : ਚਿਆਂਗਚਿੰਗ ਦੀ ਅਗਵਾਈ ਵਿਚ 'ਚਹੁੰਆਂ ਦੀ ਜੁੰਡਲੀ' ਨੇ ਸਮਾਜਵਾਦੀ ਜਮਹੂਰੀਅਤ ਦੀ ਘੋਰ ਉਲੰਘਣਾ ਕੀਤੀ ਪਰ ਤੁਸੀਂ ਉਸਨੂੰ ਹਮੇਸ਼ਾ 'ਫਾਸ਼ੀ ਤਾਨਾਸ਼ਾਹੀ' ਕਹਿੰਦੇ ਹੋ। ਕੀ ਤੁਹਾਡਾ ਇਹ ਮਤਲਬ ਹੈ ਕਿ ਉਸ ਸਮੇਂ ਚੀਨੀ ਰਾਜ ਦਾ ਚਰਿਤ੍ਰ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਨਹੀਂ ਸੀ ?

ਚਾਓ ਯਾਂਗ : ਉਨ੍ਹਾਂ ਅਧੀਨ ਜੋ ਖੇਤਰ ਸਨ, ਸਿਰਫ ਉਹੋ ਫਾਸ਼ੀ ਤਾਨਾਸ਼ਾਹੀ ਦੇ ਰੂਪ ਵਿਚ ਚਲਦੇ ਸਨ।

ਬਿਸਵਾਸ : ਹੁਣ ਮੈਨੂੰ ਕਲਾ ਅਤੇ ਸਾਹਿਤ ਬਾਰੇ ਕੁਝ ਸਵਾਲਾਂ ਦੀ ਇਜ਼ਾਜ਼ਤ ਦਿਓ। 'ਚਹੁੰਆਂ ਦੀ ਜੁੰਡਲੀ' ਦੇ ਪਤਨ ਤੋਂ ਮਗਰੋਂ ਇਸ ਖੇਤਰ ਵਿਚ ਮੇਰੇ ਖਿਆਲ ਵਿਚ ਸਭ ਤੋਂ ਮਹੱਤਵਪੂਰਨ ਘਟਨਾ ਨਾਟਕ "ਹਾਏ

ਜੂਈ ਦਫਤਰੋਂ ਖਾਰਜ" ਦਾ ਮੁੜ ਖੇਡਿਆ ਜਾਣਾ ਹੈ। ਇਸ ਨਾਟਕ ਨੇ, ਜਿਵੇਂ ਕਿ ਅਸੀਂ ਸਾਰੇ ਹੀ ਜਾਣਦੇ ਹਾਂ ਨੇ ਪਾਰਟੀ ਵਿਚ ਦੋ-ਲਾਈਨ ਘੋਲ ਨੂੰ ਹਰੀ ਝੰਡੀ ਦਿੱਤੀ, ਅਤੇ ਮਾਓ ਦੀ ਸੋਧ ਵਿਚ ਤਿਆਰ ਕੀਤੇ 16 ਮਈ ਦੇ ਸਰਕੂਲਰ, ਜਿਸ ਵਿਚ ਨਾਟਕ ਦੀ ਨਿਖੇਧੀ ਕੀਤੀ ਗਈ ਸੀ, ਨੇ ਸਭਿਆਚਾਰਕ ਇਨਕਲਾਬ ਸ਼ੁਰੂ ਕੀਤਾ। ਸੁਭਾਵਕ ਹੈ ਕਿ ਇਸਨੂੰ ਮੁੜ ਖੇਡਣਾ, ਮੈਂ ਮਾਓ ਦੀਆਂ ਨੀਤੀਆਂ ਦੇ ਉਲਟ ਸਮਝਦਾ ਹਾਂ।

ਚਾਓ ਯਾਂਗ : 'ਹਾਏ ਜੂਈ' ਚੰਗਾ ਨਾਟਕ ਨਹੀਂ ਹੈ। ਤੁਸੀਂ ਜਾਣਦੇ ਹੋ ਕਿ ਇਸ ਨੂੰ ਵੂ ਹਾਨ ਨੇ ਲਿਖਿਆ ਸੀ, ਜੋ ਪੀਕਿੰਗ ਦਾ ਉਪ-ਮੇਅਰ ਸੀ, ਉਹ ਨਾਟਕ-ਕਾਰ ਨਹੀਂ, ਸਗੋਂ ਇਤਿਹਾਸਕਾਰ ਸੀ। ਸੋ, ਨਾਟਕ ਦੇ ਪੱਖ ਤੋਂ ਇਹ ਬਿਲਕੁਲ ਸਫਲ ਨਹੀਂ ਸੀ। ਪਰ ਇਸ ਦੇ ਸਿਰ ਜੋ ਸਿਆਸੀ ਮੰਤਵ ਥਾਪਿਆ ਗਿਆ, ਉਹ ਠੀਕ ਨਹੀਂ ਸੀ।

ਬਿਸਵਾਸ : ਪਰ ਕੀ ਇਹ ਹਕੀਕਤ ਨਹੀਂ ਹੈ ਕਿ ਚੇਅਰਮੈਨ ਮਾਓ ਨੇ ਆਪ ਇਸ ਨਾਟਕ ਦੀ ਪੜਚੋਲ ਪੜੀ ਅਤੇ ਇਸਦੇ ਛਪਣ ਤੋਂ ਪਹਿਲਾਂ ਇਸ ਨੂੰ ਸੋਧਿਆ ?

ਚਾਓ ਯਾਂਗ : ਮਾਓ ਨੇ ਇਹ ਨਾਟਕ ਨਾ ਕਦੀ ਪੜ੍ਹਿਆ ਨਾ ਵੇਖਿਆ। ਚਿਆਂਗਚਿੰਗ ਪੜਚੋਲ ਲਿਖਵਾਉਣ ਲਈ ਪਹਿਲਾਂ ਮੇਰੇ ਕੋਲ ਆਈ, ਪਰ ਮੈਂ ਨਾਂਹ ਕਰ ਦਿੱਤੀ, ਕਿਉਂਕਿ ਮੈਂ ਇਸਨੂੰ ਸਿਆਸੀ ਸਵਾਲ ਨਹੀਂ ਮੰਨਦਾ। ਮਾਓ ਨੇ ਖੁਦ ਇਕ ਵਾਰ ਵਿਚਾਰ ਵਟਾਂਦਰੇ ਵਿਚ 'ਹਾਏ ਜੂਈ' ਦੀ ਤਾਰੀਫ਼ ਕੀਤੀ। ਵੂ ਹਾਨ ਤਾਂ ਸਗੋਂ ਇਸ ਤੋਂ ਉਤਸ਼ਾਹਤ ਹੋਇਆ।

ਬਿਸਵਾਸ : ਪਰ ਮਾਓ 16 ਮਈ ਸਰਕੂਲਰ ਵਰਗੀ ਮਹੱਤਵਪੂਰਨ ਦਸਤਾਵੇਜ਼ ਨੂੰ ਬਿਨਾਂ ਨਾਟਕ ਦੇਖਿਆਂ ਜਾਂ ਪੜ੍ਹਿਆਂ ਕਿਵੇਂ ਜਾਰੀ ਕਰ ਸਕੇ ?

ਚਾਓ ਯਾਂਗ : ਉਨ੍ਹਾਂ ਚਿਆਂਗ ਚਿੰਗ ਦੀਆਂ ਰਿਪੋਰਟਾਂ ਤੇ ਕਾਰਵਾਈ ਕੀਤੀ।

ਬਿਸਵਾਸ : ਚਿਆਂਗ ਚਿੰਗ ਦੇ 'ਪਰੋਲਕਲਟ' ਨੇ ਮਾਓ ਦੇ ਸੌਫੁੱਲ ਅਸੂਲ ਦੀ ਕੁੱਢਰ ਉਲੰਘਣਾ ਕੀਤੀ। ਪਰ ਤੁਹਾਡਾ ਅੱਠ ਮਾਡਲ ਅਪੇਰਿਆਂ ਬਾਰੇ ਕੀ ਵਿਚਾਰ ਹੈ ? 1974 ਵਿਚ ਜਦ ਮੈਂ ਚੀਨ ਆਇਆ ਤਾਂ ਮੈਨੂੰ ਲਗਪਗ ਸਾਰੇ ਹੀ ਅਪੇਰੇ ਦੇਖਣ ਦਾ ਮੌਕਾ ਮਿਲਿਆ ਮੈਨੂੰ ਉਹ ਸਿਧਾਂਤਕ ਤੇ ਕਲਾਤਮਕ ਤੌਰ ਤੇ ਬਹੁਤ ਚੰਗੇ ਲੱਗੇ, ਹਾਲਾਂ ਕਿ ਪੀਕਿੰਗ ਅਪੇਰਾ ਦੀ ਅਮੀਰ ਪਰੰਪਰਕ ਪ੍ਰਤੀਕਵਾਦੀ ਐਕਟਿੰਗ ਸ਼ੈਲੀ ਦੀ ਥਾਂ ਆਧੁਨਿਕ ਨਾਟਕ ਐਕਟਿੰਗ ਸ਼ੈਲੀ ਬਾਰੇ ਮੈਨੂੰ ਕੁਝ ਇਤਰਾਜ਼ ਹਨ।

ਚਾਓ ਯਾਂਗ : ਮਾਡਲ ਅਪੇਰੇ ਚੰਗੇ ਹਨ। ਪਰ ਇਸਦਾ ਕੋਈ ਸਿਹਰਾ ਚਿਆਂਗ ਚਿੰਗ ਨੂੰ ਨਹੀਂ ਹੈ। ਏਨਾਂ ਨਾਟਕਾਂ ਵਿਚੋਂ ਬਹੁਤੇ ਵੱਖ ਵੱਖ ਨਾਟਕਕਾਰਾਂ ਨੇ ਪਹਿਲਾਂ ਹੀ ਲਿਖੇ ਹੋਏ ਸਨ। ਚਿਆਂਗ ਚਿੰਗ ਨੇ ਕੁਝ ਚੁਣ ਲਏ ਅਤੇ ਏਨਾਂ ਨੇ ਬਾਕੀ ਸਭ ਨੂੰ ਬਾਹਰ ਕਰ ਮਾਡਲ ਦੀ ਮੁਹਰ ਲਾ ਦਿੱਤੀ।

ਪਰ ਉਨ੍ਹਾਂ ਨੂੰ ਮਾਡਲ ਕਿਉਂ ਕਿਹਾ ਜਾਵੇ ? ਇਹ ਕਲਾ ਹੈ ਨਾ ਕਿ ਉਦਯੋਗ। ਕੀ ਬੀਥੋਵਨ ਜਾਂ ਬਾਖ ਦੀ ਸਿਰਜਣਾ ਨੂੰ ਕੋਈ ਮਾਡਲ ਕਹਿੰਦਾ ਹੈ ?

ਬਿਸਵਾਸ : ਤਾਂ ਤੁਸੀਂ ਮੰਨਦੇ ਹੋ ਕਿ ਮਾਡਲ ਅਪੇਰੇ 'ਖੁਸ਼ਬੂਦਾਰ ਫੁੱਲ' ਸਨ ਨਾ ਕਿ 'ਜ਼ਹਿਰੀ ਬੀਜ'। ਕੀ ਮੈਂ ਇਸ ਤਰ੍ਹਾਂ ਕਹਿ ਸਕਦਾਂ—ਕਿ ਚਿਆਂਗ ਚਿੰਗ ਨੇ ਸਿਰਫ ਲਾਲ ਫੁੱਲ ਹੀ ਖਿੜਣ ਦਿੱਤੇ ਤੇ ਬਾਕੀ ਸਾਰੇ ਰੰਗ ਕੱਢ ਦਿੱਤੇ ?

ਪਰ ਇਕ ਮਸ਼ਹੂਰ ਨਾਟਕਕਾਰ ਉਤਪੱਲ ਦੱਤ ਨੇ ਜਿਸ ਨੇ ਹੁਣੇ ਜਿਹੇ ਚੀਨ ਦੀ ਯਾਤਰਾ ਕੀਤੀ, ਮੈਨੂੰ ਦਸਿਆ ਕਿ ਜਦੋਂ ਉਸ ਚੀਨੀ ਕਲਾਕਾਰਾਂ ਦੀ ਇਕ ਸਭਾ ਵਿਚ ਇਕ ਸਵਾਲ ਦੇ ਜਵਾਬ ਵਿਚ ਦਸਿਆ ਕਿ ਕਲਕੱਤੇ ਵਿਚ ਚੀਨੀ ਅਪੇਰੇ 'ਲਾਲ ਲਾਲਟੈਨ' ਦਾ ਬੰਗਾਲੀ ਰੂਪ ਖੇਡਿਆ ਗਿਆ ਤਾਂ ਉਥੇ ਹਾਸੜ ਪੈ ਗਿਆ। 'ਲਾਲ ਲਾਲਟੈਨ' ਸਭ ਤੋਂ ਵਧੀਆ ਉਨ੍ਹਾਂ ਚੀਨੀ ਨਾਟਕਾਂ ਵਿਚੋਂ ਇਕ ਹੈ ਜੋ ਮੈਂ ਦੇਖੇ ਹਨ। ਇਸਦੇ ਵਿਚ ਹੱਸਣ ਵਾਲੀ ਕੀ ਗੱਲ ਹੈ ?

ਚਾਓ ਚਾਂਗ : ਸ਼ਾਇਦ ਇਸ ਲਈ ਕਿ ਸਾਡੇ ਲੋਕੀਂ ਏਨਾਂ ਮਾਡਲਾਂ ਤੋਂ ਅੱਕ ਗਏ ਹਨ। ਪਿਛਲੇ ਦਸ ਸਾਲਾਂ ਤੋਂ ਉਨ੍ਹਾਂ ਮੰਚ ਜਾਂ ਪਰਦੇ ਤੇ ਇਸ ਤੋਂ ਸਿਵਾ ਹੋਰ ਕੁਝ ਨਹੀਂ ਦੇਖਿਆ।

ਬਿਸਵਾਸ : ਮੈਨੂੰ ਨਾਟਕਾਂ ਵਿਚ ਪਾਤਰ ਉਸਾਰੀ ਦੇ ਤਿੰਨ ਜ਼ੋਰਾਂ ਦੇ ਚਿਆਂਗ ਚਿੰਗ ਦੇ ਸਿਧਾਂਤ ਵਿਚ ਕੁਝ ਗਲਤ ਨਹੀਂ ਲਗਦਾ।

ਚਾਓ ਯਾਂਗ : ਲਗਦੇ ਤੁਸੀਂ ਚਿਆਂਗ ਚਿੰਗ ਤੋਂ ਪ੍ਰਭਾਵਤ ਹੋ (ਹਾਸਾ)। ਚਿਆਂਗ ਚਿੰਗ ਦਾ ਤਿੰਨ ਜ਼ੋਰਾਂ ਦਾ ਸਿਧਾਂਤ ਵਿਅਕਤੀਵਾਦ ਨੂੰ ਪ੍ਰਫੁੱਲਤ ਕਰਦਾ ਹੈ। ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਉਸਦੇ ਮਾਡਲ ਨਾਟਕਾਂ ਵਿਚ ਲਗਪਗ ਸਾਰੇ ਮੁੱਖ ਚਰਿਤ੍ਰ ਔਰਤਾਂ ਹਨ। ਉਹ ਨਾਇਕ ਨੂੰ ਸੌ ਫੀਸਦੀ ਹਾਂ ਪੱਖੀ ਚਰਿਤ੍ਰ ਚਾਹੁੰਦੀ ਹੈ।

ਬਿਸਵਾਸ : ਪਰ ਇਹ ਚੀਨੀ ਅਪੇਰੇ ਦੀ ਪਰੰਪਰਾ ਨਾਲ ਮਿਲਦਾ ਹੈ।

ਚਾਓ ਯਾਂਗ : ਪਰ ਸਮਕਾਲੀ ਇਨਕਲਾਬੀ ਨਾਇਕਾਂ ਨੂੰ ਚਿਤਰਦਿਆਂ ਅਸੀਂ ਮਿਥ ਦੇ ਢੰਗ ਤੇ ਨਹੀਂ ਚਲ ਸਕਦੇ। ਸਾਡਾ ਢੰਗ ਦਵੰਦਵਾਦੀ ਹੋਣਾ ਜ਼ਰੂਰੀ ਹੈ।

ਬਿਸਵਾਸ : ਤੁਹਾਨੂੰ ਅਲਵਿਦਾ ਕਹਿਣ ਤੋਂ ਪਹਿਲਾਂ ਮੈਂ ਫਿਰ ਮਿਹਰ ਭਰਿਆ ਸ਼ੁਕਰੀਆ ਅਦਾ ਕਰਦਾ ਹਾਂ । ਦਸਵੀਂ ਕਾਂਗਰਸ ਵਿਚ ਪ੍ਰਧਾਨ ਮੰਤਰੀ ਚਾਓ ਨੇ ਕਿਹਾ ਸੀ, "ਇਹ ਨੋਟ ਕਰਨ ਵਾਲੀ ਮਹੱਤਵਪੂਰਨ ਗੱਲ ਹੈ ਕਿ ਇਕ ਧਾਰਾ ਦੂਜੀ ਨੂੰ ਢੱਕਦੀ ਹੈ ।" ਹੋ ਸਕਦਾ ਹੈ ਮੈਂ ਗਲਤ ਹੋਵਾਂ ਪਰ ਆਪਣੇ ਦੋਸਤਾਂ ਨਾਲ ਗੱਲਬਾਤ ਤੋਂ ਮੈਨੂੰ ਮਹਿਸੂਸ ਹੋਇਐ ਕਿ ਲਿਨ-ਪਿਆਓ ਦੇ ਅਤਿ ਖੱਬੂਵਾਦ ਨਾਲ ਘੋਲ ਕਰਦਿਆਂ ਕੁਝ ਸੱਜੂ ਧਾਰਾਵਾਂ ਆਪਣਾ ਸਿਰ ਚੁੱਕ ਰਹੀਆਂ ਹਨ, ਜਿਨ੍ਹਾਂ ਮੈਨੂੰ ਪਰੇਸ਼ਾਨ ਕੀਤਾ ਹੈ । ਮੇਰਾ ਖਿਆਲ ਹੈ, ਤੁਸੀਂ ਮੇਰੀ ਡੂੰਘੀ ਚਿੰਤਾ ਸਮਝਦੇ ਹੋ । ਕਰੈਮਲਿਨ ਦਾ ਸਿਤਾਰਾ ਕਾਲੇ ਬੱਦਲਾਂ ਓਹਲੇ ਹੈ, ਯੂਰਪ ਵਿਚ ਯੂਰੋ-ਕਮਿਊਨਿਜ਼ਮ ਝੰਡਾ ਫੜੀ ਫਿਰਦੈ । ਅਸੀਂ ਸਾਰੇ ਇਹੋ ਚਾਹੁੰਦੇ ਹਾਂ ਕਿ ਤਾਈਨ-ਏਨ-ਮੇਨ ਦਾ ਸਿਤਾਰਾ ਹਮੇਸ਼ਾ ਚਮਕਦਾ ਰਹੇ ।

ਚਾਓ ਯਾਂਗ : ਤੁਹਾਨੂੰ ਇਸ ਸਬੰਧੀ ਨਿਰਾਸ਼ ਨਹੀਂ ਹੋਣਾ ਚਾਹੀਦਾ ।

(ਮਿਸਿਜ਼ ਰਾਨੂ ਬਿਸਵਾਸ ਦੇ ਲਏ ਨੋਟਸ ਤੇ ਅਧਾਰਤ)

ਚੁੰਘਵਾ, ਕਵਾਂਤੁੰਗ, 7 ਨਵੰਬਰ 1979

(15 ਦਿਸੰਬਰ 1979 ਦੇ 'ਫਰੰਟੀਅਰ' ਵਿਚੋਂ ਧੰਨਵਾਦ ਸਹਿਤ)

ਨੋਟ —"ਹੈ ਜੂਈ ਦਫਤਰੋਂ ਖਾਰਜ" ਨਾਮੀ ਨਾਟਕ 1960 ਵਿਚ ਲਿਊ-ਸ਼ਾਈ-ਚੀ—ਤੈਂਗ ਸਿਆਓ ਪਿੰਗ ਜੁੰਡਲੀ ਦੇ ਮੋਹਰੇ ਪੀਕਿੰਗ ਦੇ ਡਿਪਟੀ ਮੇਅਰ ਵੂ-ਹਾਨ ਨੇ ਲਿਖਿਆ ਸੀ । ਇਹ ਨਿਰੋਲ ਸਿਆਸੀ ਨਾਟਕ ਸੀ । 1959 ਵਿਚ ਅੱਠਵੀਂ ਕਾਂਗਰਸ ਵਿਚ ਸੱਜੇ ਪੱਖੀਆਂ ਦੀ ਹਾਰ ਤੋਂ ਬਾਅਦ ਰੱਖਿਆ ਮੰਤਰੀ ਪੈਂਗ ਤੁੰਗ ਹੂਈ ਨੂੰ ਬਰਖਾਸਤ ਕੀਤਾ ਗਿਆ ਸੀ । ਉਸੇ ਘਟਨਾ ਨੂੰ ਨਾਟਕ ਦਾ ਅਧਾਰ ਬਣਾ ਕੇ ਮਾਓ-ਜ਼ੇ-ਤੁੰਗ ਨੂੰ ਤਾਨਾਸ਼ਾਹ ਤੇ ਪੈਂਗ ਤੁੰਗ ਹੂਈ ਨੂੰ 'ਸ਼ਿਕਾਰ' ਬਣਾਕੇ ਪੇਸ਼ ਕੀਤਾ ਸੀ, 16 ਮਈ ਸਰਕੂਲਰ ਵਿਚ ਮਾਓ ਨੇ ਇਸ ਨਾਟਕ ਦੀ ਕਰੜੀ ਆਲੋਚਨਾ ਕੀਤੀ ਸੀ । ਚਾਓ ਯਾਂਗ ਦਾ ਇਕ ਪਾਸੇ ਇਹ ਕਹਿਣਾ ਕਿ 'ਮਾਓ ਨੇ ਇਹ ਨਾਟਕ ਨਾ ਦੇਖਿਆ ਤੇ ਨਾ ਪੜ੍ਹਿਆ' ਤੇ ਉਸੇ ਸਾਹ ਇਹ ਕਹਿਣਾ 'ਮਾਓ ਨੇ ਇਸ ਨਾਟਕ ਦੀ ਤਾਰੀਫ ਕੀਤੀ ਸੀ ਤੇ ਵੂ-ਹਾਨ ਇਸ ਤਾਰੀਫ ਤੋਂ ਉਤਸ਼ਾਹਤ ਹੋਇਆ ਸੀ', ਉਸਦੀ ਬੇਈਮਾਨੀ ਨੂੰ ਜ਼ਾਹਰ ਕਰਦੀ ਤੇ ਉਸਦੀ ਹਾਸੋਹੀਣੀ ਪੁਜੀਸ਼ਨ ਨੂੰ ਦਰਸਾਉਂਦਾ ਹੈ । (ਗੋਲੂਚੇ)

o

# ਪਾਠਕੀ—

## ਇਕ ਚਿਠੀ ਜੇਲ੍ਹ ਵਿੱਚੋਂ

ਵਰਤਮਾਨ ਸਮੇਂ ਵਿਚ ਜਮਹੂਰੀ ਅਧਿਕਾਰਾਂ ਦਾ ਮਸਲਾ ਅਤੇ ਨਾਗਰਿਕਾਂ ਦੀ ਅਜ਼ਾਦੀ ਦਾ ਮਸਲਾ ਇਕ ਮੁਖ ਸੁਆਲ ਹੈ ! ਸੰਕਟ ਵਿਚ ਗੁਜ਼ਰ ਰਹੀਆਂ ਹਾਕਮ ਜਮਾਤਾਂ ਲੋਕ ਘੋਲਾਂ ਨੂੰ ਖੂਨ ਵਿਚੋਂ ਡਬੋ ਦੇਣਾ ਚਾਹੁੰਦੀਆਂ ਹਨ ! ਅਤੇ ਸੱਚ ਦੀ ਆਵਾਜ਼ ਨੂੰ ਕੁਚਲ ਦੇਣਾ ਚਾਹੁੰਦੀਆਂ ਹਨ !

ਬਸ ਕਿਰਾਇਆ ਅੰਦੋਲਨ ਵਿਚ ਜਿਥੇ ਸਰਕਾਰ ਨੇ ਸਾਡੇ ਉਤੇ ਜਾਬਰਾਨਾ ਵਾਰ ਕੀਤੇ ਹਨ ! ਉਥੇ ਖੱਬ ਪਾਰਟੀ ਫਰੰਟ ਦੀ ਨੰਗੀ ਚਿਟੀ ਗ਼ਦਾਰੀ ਦੀ ਕਾਲੀ ਕਰਤੂਤ ਨੇ ਵੀ ਇਨ੍ਹਾਂ ਪਾਰਟੀਆਂ ਦੇ ਕਿਰਦਾਰ ਨੂੰ ਨੰਗਿਆਂ ਕੀਤਾ ਹੈ ਅਤੇ ਲੋਕਾਂ ਦੀ ਚੇਤੰਨਤਾ ਹੋਰ ਬਲ-ਵਾਨ ਹੋਈ ਹੈ । ਤਾਜ਼ੀ ਝੁਬਾਲ ਦੀ ਸਾਰੀ ਘਟਨਾਂ ਤੋਂ ਪ੍ਰੈਸ ਦੇ ਪਤ੍ਰਕਾਰ ਤੇ ਬਰਦਾਰ ਤੇ ਹੋਰ ਸਭ ਇਨਸਾਫ ਪਸੰਦ ਲੋਕ ਜਾਣੂੰ ਹਨ ।

ਪਿਛਲੇ ਚਾਰ ਮਹੀਨੇ ਤੋਂ ਵੀ ਜ਼ਿਆਦਾ ਸਮੇਂ ਤੋਂ ਇਨ੍ਹਾਂ ਕੇਸਾਂ ਵਿਚ ਜੇਲ ਅੰਦਰ 58 ਸਾਡੀਆਂ ਜਥੇਬੰਦੀਆਂ ਦੇ ਵਰਕਰ ਨਜਰਬੰਦ ਹਨ ! ਅਤੇ ਇਨ੍ਹਾਂ ਵਿਚ ਮਸੂਮ ਸਕੂਲਾਂ ਦੇ ਵਿਦਿਆਰਥੀ ਵੀ ਹਨ । ਜਿਹੜੀ ਨਿਆ-ਪਾਲਿਕਾ ਆਪਣੇ ਆਪ ਵਿਚ ਸਤੰਤਰ ਹੋਣ ਦਾ ਦਾਅਵਾ ਕਰਦੀ ਹੈ ਉਸਦਾ ਕਿਰਦਾਰ ਵੀ ਇਸ ਕੇਸ ਵਿਚ ਖੁਲ੍ਹਕੇ ਸਾਹਮਣੇ ਆਇਆ ਹੈ ।

ਸਾਡੀ ਹਾਈਕੋਟ ਵਿਚ ਜ਼ਮਾਨਤ ਦੀ ਅਰਜ਼ੀ ਦੀ ਪਹਿਲੀ ਤਰੀਕ 6 ਮਾਰਚ ਪਾਈ ਗਈ ਸੀ ! ਅਤੇ ਜਿਸ ਤਰੀਕ ਉਪਰ ਹਾਈਕੋਰਟ ਦੇ ਜੱਜ ਨੇ ਇਹ ਕਹਿਕੇ 16 ਮਾਰਚ ਦੀ ਤਰੀਕ ਪਾ ਦਿਤੀ ਕਿ ਵਕੀਲ ਐਚ. ਆਈ. ਆਰ. ਠੀਕ ਤਰ੍ਹਾਂ ਨਹੀਂ ਪੜ੍ਹ ਸਕਿਆ । 16 ਮਾਰਚ ਨੂੰ ਹਾਈਕੋਰਟ ਦੇ ਜੱਜ ਨੇ ਇਹ ਕਹਿਕੇ 18 ਮਾਰਚ ਦੀ ਤਰੀਕ ਪਾ ਦਿਤੀ ਕੇ 16 ਮਾਰਚ ਨੂੰ ਜ਼ਰੂਰੀ ਕੰਮ ਹੈ ! ਪਰ 18 ਮਾਰਚ ਨੂੰ ਸਾਡੇ ਵਕੀਲ ਸ੍ਰ: ਹਰਭਜਨ ਸਿੰਘ ਸੰਘਾ ਤੇ ਸ੍ਰ. ਦਾਰਾ ਸਿੰਘ ਦੀ ਬਹੁਤ ਕੋਸ਼ਿਸ਼ ਤੇ ਵੀ ਜੱਜ ਨੇ ਬਿਨਾਂ ਕਿਸੇ ਬਹਿਸ ਦੇ ਸਾਡੀਆਂ ਜ਼ਮਾਨਤਾਂ ਰੱਦ ਕਰ ਦਿਤੀਆਂ । ਦਾਰਾ ਸਿੰਘ ਐਡਵੋਕੇਟ ਦੇ ਮੁਤਾਬਕ ਕੇ ਇਨ੍ਹਾਂ ਜ਼ਮਾਨਤਾਂ ਦਾ ਰੱਦ ਕੀਤਾ ਜਾਣਾ ਇਕ ਨਿਰੋਲ ਸਿਆਸੀ ਕਾਰਨ ਬਗੈਰ ਕੁਝ ਨਹੀਂ ! ਤੇ ਇਹ ਵੀ ਆਸ ਕੀਤਾ ਜਾਣਾ ਸੰਭਵ ਹੈ ਕੇ ਇਹ ਦੁਬਾਰਾ ਅਰਜ਼ੀਆਂ ਦੇਣ ਤੇ ਵੀ ਜ਼ਮਾਨਤਾਂ ਮਨਜ਼ੂਰ ਕਰੇ ਜਾਂ ਨਾਂ !

ਹੁਣ ਤੁਸੀ ਸੋਚੋ ਕੇ ਇਹ ਨਿਆਪਾਲਿਕਾ ਕਾਤਲਾਂ, ਡਕੈਤਾਂ ਦੀਆਂ ਜ਼ਮਾਨਤਾਂ ਮਨਜ਼ੂਰ ਕਰ ਸਕਦੀ ਹੈ । ਪਰ ਇਨਕਲਾਬੀ ਜਥੇਬੰਦੀਆਂ ਨਾਲ ਇਹ ਰਵੱਈਆਂ ਕਿਉਂ ? ਇਸਤੋਂ ਅਗਾਂਹ ਦੀ ਗੱਲ ਕੇ ਅੰਮ੍ਰਿਤਸਰ ਸ਼ੈਸ਼ਨ ਜੱਜ ਦੇ ਵਿਦਿਆਰਥੀ ਦੀਆਂ ਇਮਤਿਹਾਨ ਲਈ

ਕੁਝ ਦਿਨ ਦੀ ਅਰਜੀ ਜ਼ਮਾਨਤਾਂ ਲੈਣ ਤੋਂ ਇਨਕਾਰ ਕੀਤਾ ਹੈ ! ਅਤੇ ਉਨ੍ਹਾਂ ਦੇ ਪੁਲੀਸ ਗਾਰਦ ਨਾਲ ਪੇਪਰ ਕਰਾਉਣ ਦਾ ਹੁਕਮ ਜਾਰੀ ਕੀਤਾ ਹੈ।

ਇਸ ਤੋਂ ਛੁਟ 12 ਨੌਜਵਾਨ ਭਾਰਤ ਸੱਤਾ ਦੇ ਪੇਟੀ ਤਸੀਲ ਦੇ ਵਰਕਰ ਜੋ 107/51 ਤਾਹਿਤ ਏਥੇ ਜੇਲ ਵਿਚ ਹਨ। ਉਨ੍ਹਾਂ ਉਲਟ ਐਸ. ਡੀ. ਐਮ. ਪਿਆਰੇ ਲਾਲ ਭਗਤ ਇਹ ਕੇਸ ਬਣਾਇਆ ਹੈ ਕੇ ਮੈਨੂੰ ਇਨ੍ਹਾਂ ਤੋਂ ਜਾਨ ਨੂੰ ਵੀ ਖਤਰਾ ਹੈ। ਇਸ ਅਨੁਸਾਰ ਪੱਟੀ ਹਰ ਪੇਸ਼ੀ ਉਪਰ ਕਈ ਵਾਰ ਸਾਡੀ ਜਥੇਬੰਦੀ ਦੇ ਵਰਕਰਾਂ ਤੇ ਸਾਥੀਆਂ ਨੂੰ ਮਿਲਣ ਆਏ ਦੋਸਤਾਂ ਤੇ ਅੰਦਾਧੁੰਦ ਲਾਠੀਚਾਰਜ ਕੀਤਾ ਜਾਂਦਾ ਰਿਹਾ ਹੈ।

ਸੋ ਇਹ ਉਪਰੋਕਤ ਵਿਆਖਿਆ ਤੋਂ ਮੇਰਾ ਭਾਵ ਭਾ ਜੀ ਇਹ ਕੇ ਅਸੀਂ ਇਨ੍ਹਾਂ ਸਾਰੀਆਂ ਮੁਸ਼ਕਲਾਂ ਦਾ ਬਹਾਦਰੀ ਨਾਲ ਸਾਹਮਣਾ ਕਰ ਰਹੇ ਹਾਂ ! ਅਤੇ ਆਰ-ਥਿਕ ਸੰਕਟ ਵਿਚ ਗੁਜ਼ਰਦੇ ਹੋਏ ਵੀ ਆਪਣੇ ਕੇਸਾਂ ਦਾ ਬੋਝ ਜਥੇਬੰਦੀ ਤੇ ਝੱਲ ਰਹੇ ਹਾਂ ! ਮੇਰਾ ਮਤਲਬ ਇਸ ਸਮੇਂ ਕਿਸੇ ਤੇ ਦੋਸ਼ ਲਾਉਣਾ ਨਹੀਂ ਅਤੇ ਨਾਂ ਹੀ ਮੈਂ ਕਿਸੇ ਤੋਂ ਕੋਈ ਮਦਦ ਭਿਖਿਆ ਦੇ ਰੂਪ ਵਿਚ ਸਵੀਕਾਰ ਕਰਨਾ ਚਾਹੁੰਦਾ ਹਾਂ। ਪਰ ਇਹ ਸਪਸ਼ਟ ਹੈ ਕਿ ਪੰਜਾਬ ਵਿਚ ਜਮੂਹਰੀ ਅਧਿਕਾਰਾਂ ਦੀ ਰਖਿਆ ਕਰਨ ਦੇ ਦਾਅਵੇਦਾਰਾਂ ਨੂੰ ਅਪਣਾ ਕਰਤੱਵ ਨਿਭਾਉਣਾ ਚਾਹੀਦਾ ਹੈ।

ਸੋ ਮੈਂ ਸਮਝਦਾ ਹਾਂ ਤੁਹਾਡੇ ਵਰਗੇ ਪੰਜਾਬ ਭਰ ਵਿਚ ਸਤਿਕਾਰ ਜਾਂਦੇ ਵਿਦਿਆਨ ਸੱਜਣ ਲਈ ਇਸ ਹਕੀਕਤ ਦੀ ਤਹਿ ਵਿਚ ਜਾਣਾ ਜ਼ਰੂਰੀ ਹੈ ! ਅਤੇ ਤੁਸੀਂ ਜੋ ਅੰਮ੍ਰਿਤਸਰ ਨਾਗਰਿਕ ਮੋਰਚਾ ਦੀ ਸਥਾਪਨਾ ਕੀਤੀ ਹੈ ਸਾਨੂੰ ਆਸ ਹੈ ਕੇ ਇਹ ਨਾਗਰਿਕਾਂ ਅਧਿਕਾਰਾਂ ਦੀ ਆਜ਼ਾਦੀ ਦੇ ਸੁਆਲ ਤੇ ਡੱਟਕੇ ਸੰਗਰਾਮ ਕਰ ਸਕੇਗੀ ! ਅਤੇ ਜਮਹੂਰੀ ਅਧਿਕਾਰਾਂ ਦੇ ਮਸਲੇ ਤੇ ਨਿਰਪੱਖਤਾ ਦਾ ਵਧੀਆ ਸਬੂਤ ਦੇਵੇਗੀ।

ਸਾਨੂੰ ਪਤਾ ਲੱਗਾ ਹੈ ਕੇ ਤੁਸੀਂ 22 ਮਾਰਚ ਨੂੰ ਓਪਨ ਏਅਰ ਥੀਏਟਰ ਵਿਚ "ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ 50 ਵਰ੍ਹੇ ਦੇ ਸ਼ਹਾਦਤ ਦਿਵਸ ਤੇ ਸ਼ਹੀਦੀ ਸਮਾਗਮ ਕਰ ਰਹੇ ਹੋ ! ਸੋ ਅਸੀਂ ਆਪਨੂੰ ਬੇਨਤੀ ਕਰਦੇ ਹਾਂ ਕੇ ਉਥੇ ਹਾਜਰ ਇਨਸਾਫ ਪਸੰਦ ਸ਼ਹਿਰੀਆਂ ਅਗੇ ਝੂਬਾਲ ਕੇਸ ਦੀ ਹਕੀਕਤ ਪੇਸ਼ ਕੀਤੀ ਜਾਵੇ ਅਤੇ ਕਚਹਿਰੀਆਂ ਦਾ ਵਰਤਾਉ ਜੋ ਨਿਆ ਪਾਲਿਕਾ ਦੀ ਸੁਤੰਤਰਤਾ ਦੁਹਾਈ ਪਾਉਂਦਾ ਹੈ ਨੰਗਿਆ ਕੀਤਾ ਜਾਵੇ।

ਅਤੇ ਉਥੇ ਸਭ ਆਏ ਇਨਸਾਫ ਪਸੰਦ ਲੋਕਾਂ ਤੋਂ ਇਹ ਝੂਠੇ ਕੇਸਾਂ ਦੀ ਵਾਪਸੀ ਲਈ ਮੱਤਾ ਪਾਸ ਕੀਤਾ ਕਰਾਇਆ ਜਾਵੇ। ਅਤੇ ਉਨ੍ਹਾਂ ਨੂੰ ਇਸ ਕੇਸ ਦੇ ਸਬੰਧ ਵਿਚ ਹਰ ਕਿਸਮ ਦੀ ਮਦਦ ਅਤੇ ਆਰਥਿਕ ਮਦਦ ਲਈ ਵੀ ਅਪੀਲ ਕੀਤੀ ਜਾਵੇ।

ਅਮ੍ਰਿਤਸਰ ਜੇਲ੍ਹ ਵਿਚ ਐਜੀਟੇਟਰ ਦੀ ਗਿਣਤੀ 58 ਹੈ।

ਇਨਕਲਾਬੀ ਸ਼ੁਭ ਇਛਾਵਾਂ ਸਾਹਿਤ,

ਬਲਦੇਵ ਸਿੰਘ ਮਾਨ

ਪ੍ਰਧਾਨ ਪੰਜਾਬ ਨੌਜਵਾਨ ਭਾਰਤ ਸਭਾ

ਸੈਂਟਰਲ ਜੇਲ੍ਹ, ਅਮ੍ਰਿਤਸਰ

ਪਾਠਕੀ—2

—ਗੁਰਸ਼ਰਨ ਭਾ ਜੀ,

ਜਿਵੇਂ ਪਿਛਲੇ ਕਈਆਂ ਵਰ੍ਹਿਆਂ ਤੋਂ ਮੈਂ ਸਾਹਿਤ ਨਾਲੋਂ ਟੁੱਟਿਆ ਰਹਿਆ ਹਾਂ ਏਸੇ ਤਰ੍ਹਾਂ ਹੀ ਤੁਹਾਨੂੰ ਵੇਖਿਆਂ ਮਿਲਿਆਂ ਵੀ ਜਿਵੇਂ ਇਕ ਯੁੱਗ ਜਿਹਾ ਬੀਤ ਗਿਐ। ਮੋਗਾ ਤਸੀਲ ਵਿਚ ਕੰਮ ਕਰਦਾ ਸਾਂ ਤਾਂ ਤੁਹਾਡੇ ਕਿਧਰੇ ਨਾ ਕਿਧਰੇ ਰੰਗ ਮੰਚ ਤੇ ਦਰਸ਼ਨ ਹੋ ਜਾਂਦੇ ਸਨ 'ਤੇ ਆਮ ਹੀ ਮੈਂ ਤੁਹਾਡੇ ਨਾਲ ਨਿੱਕੀਆਂ ਮੋਟੀਆਂ ਗੱਲਾਂ ਕਰ ਲਿਆ ਕਰਦਾ ਸਾਂ। ਤੇ ਤੁਹਾਡੇ ਸਾਥੀ ਮੇਰੇ ਤੋਂ ਚੰਗੇ ਵਾਕਫ ਸਨ। ਬਹੁਤ ਵਾਰ ਉਹ ਮੈਨੂੰ ਆਪਣੇ ਮੁਕਾਮ ਵਲ ਜਾਂਦੇ ਕਿਸੇ ਚੌਂਕ 'ਤੇ ਮਿਲ ਹੀ ਪਿਆ ਕਰਦੇ ਸਨ। ਉਸ ਤੋਂ ਤੁਹਾਡਾ ਹਾਲਚਾਲ ਪੁਛ ਲਿਆ ਕਰਦਾ ਸਾਂ।

ਉਸ ਵਾਗੀ ਵਾਂਗ ਜਿਸਨੇ ਲਾਗ ਦੇ ਸਾਰੇ ਪਿੰਡਾਂ ਦੀਆਂ ਗਾਈਆਂ ਚਾਰੀਆਂ ਹੋਣ, ਤੁਹਾਨੂੰ ਵੀ ਮੇਰੀ ਪਛਾਣ ਦੇ ਸਾਰੇ ਚਿੰਨ੍ਹ ਵਿਸਰ ਚੁੱਕੇ ਹੋਣਗੇ।

ਪਿਛਲੇ ਮਹੀਨਿਆਂ ਤੋਂ ਮੈਂ ਫਿਰ ਸਾਹਿਤ ਨਾਲ ਆਪਣਾ ਅਮਲ ਜੋੜਿਆ ਹੈ ਜਿਸ ਤੋਂ ਬਿਨਾਂ ਪਿਛਲੇ ਵਰ੍ਹਿਆਂ ਵਿਚੋਂ ਮੈਂ ਬਿਰਥਾ ਜੂਨ ਹੰਢਾਈ ਮੈਸੂਸ ਕਰਦਾ ਹਾਂ। ਤੇ ਹੁਣ ਜਦੋਂ ਮੈਨੂੰ ਦੂਜੇ ਸਾਹਿਤ ਦੇ ਨਾਲ ਨਾਲ ਸਮਤਾ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ ਹੈ ਫਿਰ ਇਕ ਹਿਲਜੁਲ ਹੋਈ ਹੈ। ਸ਼ਾਂਤ ਸਾਗਰ ਜਵਾਰ ਭਾਟਿਆਂ ਵਿਚ ਫਿਰ ਤੋਂ ਹਿੱਲਿਆ ਹੈ। ਰਾਤ ਇਸ ਮਹੀਨੇ ਦਾ ਸਮਤਾ ਪੜ੍ਹਦਾ ਰਹਿਆ ਹਾਂ ਫਿਰ ਇਕ ਵਾਰ ਪੜ੍ਹਾਂਗਾ। ਮੇਰੇ ਵੱਡੇ ਵੀਰ ਜਗਰੂਪ ਸਿੰਘ ਦੀ ਚਿੱਠੀ ਵੀ ਇਸ ਵਿਚ ਛਪੀ ਹੈ। ਜਿਉਂ ਜਿਉਂ ਮੈਂ ਇਸ ਨੂੰ ਪੜ੍ਹਦਾ ਹਾਂ ਇਕ ਘੋਰ ਨਫਰਤ ਮੇਰੇ ਮਨ ਵਿਚ ਉਗਦੀ ਹੈ ਤੇ ਇਸ ਦੇਸ਼ ਦੇ ਸੜੇ ਤਰੱਕੇ ਪ੍ਰਬੰਧ ਦੀ ਬੂਅ ਨਸ ਨਸ ਵਿਚ ਭਰ ਜਾਂਦੀ ਹੈ। ਤੇ ਇਸ ਦਸ਼ਾ ਵਿਚ ਮੇਰੇ ਮੂੰਹੋਂ ਨਿਕਲਿਆ ਹਰ ਸ਼ਬਦ ਜਿਵੇਂ ਇਸ ਅਡੰਬਰ ਦੇ ਪਾਛੜੇ ਉਡਾ ਦੇਣਾ ਚਾਹੁੰਦਾ ਹੋਵੇ, ਮੈਂ ਬੋਲੀ ਜਾਂਦਾ ਹਾਂ, ਬੋਲੀ ਜਾਂਦਾ ਹਾਂ, ਜਦ ਤੱਕ ਮੇਰੇ ਮਨ ਦੀ ਭੜਾਸ ਨਾ ਨਿਕਲ ਜਾਵੇ।

ਇਸ ਵੇਲੇ ਮੇਰੇ ਖੱਬੇ ਹੱਥ ਵੱਲ ਮੇਰੀ ਬੀਵੀ ਘੂਕ ਸੌਂ ਰਹੀ ਹੈ ਤੇ ਸੱਜੇ ਬਾਂਹ ਨਾਲ ਮੇਰੀ ਪੰਜ ਸਾਲ ਦੀ ਦਿਮਾਗੀ ਬੱਚੀ ਸੁੱਤੀ ਹੋਈ ਹੈ ਜੋ ਜਨਮ ਜਨਮਾਤਰਾਂ ਤੋਂ ਸੂਦਰ ਹੈ। ਤੇ ਮੈਨੂੰ ਨੀਂਦ ਨਹੀਂ ਆ ਰਹੀ। ਮੈਂ ਅਚੇਤ ਹੀ ਦਿਮਾਗ ਵਿਚ ਸਮਤਾ ਦੇ ਵਰਕੇ ਫਰੋਲਣ ਲਗ ਪਿਆ ਹਾਂ। ਤੇ ਤੁਹਾਡੀ ਯਾਦ ਇਸ ਕਦਰ ਆਈ ਹੈ ਕਿ ਘੂਕ ਘੁਗੜਦੇ ਅੱਧੀ ਰਾਤ ਦੇ ਸ਼ਾਂਤ ਮਾਹੌਲ ਵਿਚ ਮੈਂ ਅਸ਼ਾਂਤ ਹੋਇਆ ਬਿਸਤਰੇ 'ਚੋਂ ਉਠ ਤੁਹਾਨੂੰ ਪੱਤਰ ਲਿਖਣ ਬੈਠ ਗਿਆ ਹਾਂ।

ਭਾ ਜੀ ਤੁਹਾਡੇ ਕਹਿਣ ਅਨੁਸਾਰ ਤੁਹਾਡਾ ਕਈ ਦਹਾਕਿਆਂ ਤੋਂ ਕਮਿਊਨਿਸਟ ਵਿਚਾਰਧਾਰਾ ਨਾਲ ਲਗਾਵ ਹੈ। ਤੇ ਤੁਹਾਡੇ ਤੇ ਅਤਬਾਰ ਕਰਕੇ ਮੈਂ ਆਖ ਸਕਦਾ ਹਾਂ ਕਿ ਤੁਹਾਡੀ ਇਸ ਤਰਫ਼ ਵਡਮੁੱਲੀ ਦੇਣ ਹੈ ਜੋ ਆਪਣੇ ਆਪ 'ਚ ਪੂਰੀ ਇਮਾਨਦਾਰ ਹੈ। ਸ਼ਾਇਦ ਮੈਂ ਸਹੀ ਹੀ ਹਾਂ ਜੇ ਮੈਂ ਆਖਦਿਆਂ ਕਿ ਇਸ ਦੇਸ਼ ਵਿੱਚ ਇਸ ਵਿਚਾਰਧਾਰਾ ਦੇ ਜਨਮ ਤੋਂ ਹੀ ਤੁਸੀਂ ਇਸ ਨਾਲ ਸਬੰਧਤ ਹੋ, ਭਾਵ ਤੁਹਾਡਾ ਸਬੰਧ ਸ: ਭਗਤ ਸਿੰਘ

ਦੇ ਵੇਲਿਆਂ ਨਾਲ ਜਾ ਜੁੜਦਾ ਹੈ ਜੋ ਇਸ ਵਿਚਾਰਧਾਰਾ ਦਾ ਪਹਿਲਾ ਜਾਂ ਦੂਜਾ ਮੋਢੀ ਸੀ ।

ਇਸ ਸੋਚ ਨੂੰ ਲੈ ਕੇ ਅਨੇਕ ਵਿਚਾਰ ਮੇਰੇ ਮਨ ਵਿਚ ਉਗਮ ਰਹੇ ਹਨ । ਤੇ ਹੁਣ ਮੈਂ ਤੁਹਾਨੂੰ ਸਿੱਧਾ ਆਪਣੀ ਅਮਲ ਗੱਲ ਵੱਲ ਲੈ ਆਉਂਦਾ ਹਾਂ ।

ਭਾ ਜੀ, ਤੁਹਾਨੂੰ ਪੂਰਨ ਗਿਆਨ ਹੈ ਕਿ ਹਿੰਦੋਸਤਾਨ ਵਿਚ ਇਸ ਸਮੇਂ ਕੋਈ ਕੋਈ 35-36 ਕਰੋੜ ਸ਼ੂਦਰ ਵਸਦੇ ਹਨ । ਜਿੰਨ੍ਹਾਂ ਵਿਚੋਂ ਸ਼ਾਇਦ । ਲੋਕਾਂ ਨੂੰ ਵੀ ਅਜੇ ਮੈਨੂੰ ਦਾ ਕੋੜਾ ਬ੍ਰਾਹਮਣਵਾਦ ਟੱਪ ਕੇ, ਸਮਾਜ ਵਿਚੋਂ ਆਮ ਵਾਂਗ ਜਿਉਣ ਦਾ ਹੱਕ ਪ੍ਰਾਪਤ ਨਹੀਂ ਹੋ ਸਕਿਆ । ਇਥੋਂ ਤੱਕ ਕਿ ਨਾਨਕ ਤੇ ਗੋਬਿੰਦ ਦੇ ਸਿੱਖ ਸਮਾਜ ਵਿਚੋਂ ਵੀ ਮੈਂ ਆਪਣੇ ਭਾਈਆਂ ਨੂੰ ਅਜ਼ਾਦੀ ਦੇ 34 ਸਾਲਾਂ ਬਾਦ ਵੀ ਕੰਧ ਨਾਲ ਬਹਿਕੇ ਘਰੋਂ ਲਿਆਂਦੀਆਂ ਬਾਟੀਆਂ ਵਿੱਚ ਪਰਾਲੀ ਵਰਗਾ ਟੁੱਕਰ ਸੰਘੋਂ ਹੇਠ ਸੁਟਦਿਆਂ ਵੇਖਦਾ ਹਾਂ । ਤਾਂ ਮੈਂ ਸੋਚਦਾ ਹਾਂ ਬ੍ਰਾਹਮਣਵਾਦ ਦੇ ਇਸ ਕੋੜੇ ਮਖੌਲਾਂ ਅਜੇ ਆਪਣਾ ਰਾਹ ਨਹੀਂ ਬਦਲਿਆ ਤਾਂ ਘੱਟੋ ਘੱਟ ਇਹ ਰਾਹ 'ਕਾਮਰੇਡ' ਤਾਂ ਬਦਲ ਲੈਂਦੇ ।

ਭਾ ਜੀ ਤੁਸੀਂ ਬਹੁਤ ਇਮਾਨਦਾਰ ਕਿਰਦਾਰ ਦੇ ਬੰਦੇ ਹੋ । ਮੇਰਾ ਸਵਾਲ ਤੁਹਾਡੇ ਸਾਹਮਣੇ ਹੈ ਮੈਂ ਤੁਹਾਥੋਂ ਜਵਾਬ ਮੰਗਦਾ ਹਾਂ ਕਿ ਕਿਸ ਕਾਮਰੇਡ ਕਿਸੇ ਚੂੜ੍ਹੇ ਚਮਾਰ ਦੇ ਘਰ ਬੇਟੀ ਵਿਆਹੀ ਹੈ ? ਜਿਸ ਕਾਮਰੇਡ ਨੇ ਕਿਸੇ ਚੂੜ੍ਹੇ ਚਮਾਰ ਦੀ ਬੇਟੀ ਵਰੀ ਹੈ । ਜਿਸ ਕਾਮਰੇਡ ਦੇ ਘਰ ਇਹ ਸ਼ੂਦਰ ਉਹਨਾਂ ਦੀਆਂ ਥਾਲੀਆਂ 'ਚ ਖਾਕੇ ਡਕਾਰਕੇ ਉਠਦੇ ਹਨ ? ਏਥੇ ਮੈਂ ਸਮੁੱਚੀ ਗੱਲ ਕਰ ਰਹਿਆਂ ਹਾਂ ।

ਜੇ ਬ੍ਰਾਹਮਣਬਾਦ ਨੇ ਆਪਣਾ ਢਾਂਚਾ ਨਹੀਂ ਬਦਲਣਾ ਸੀ ਤਾਂ ਘੱਟੋ ਘੱਟ ਕਾਮਰੇਡ ਇਹ ਲੀਹ ਤੋੜਦੇ ਤਾਂ ਅੱਜ 34 ਸਾਲਾਂ ਵਿਚ 35 ਕਰੋੜ ਬੰਦਾ ਉਹਨਾਂ ਦੀ ਛੱਤਰ ਛਾਇਆ ਹੇਠ ਤੁਰਦਾ ਇਹ ਮੇਰਾ ਦਾਅਵਾ ਹੈ । ਤੇ ਮੇਰਾ ਇਹ ਵੀ ਦਾਅਵਾ ਹੈ ਕਿ ਇਸ ਦੇਸ਼ ਦਾ ਇਨਕਲਾਬ ਸ਼ੂਦਰ ਦਪਦ ਦੀ ਚੰਬਲ ਘਾਟੀ ਵਿਚੋਂ ਲੰਘ ਕੇ ਹੀ ਅਗੇ ਵੱਧ ਸਕਦਾ ਹੈ ਵਰਨਾਂ ਕਦੀ ਨਹੀਂ । ਤੁਸੀਂ ਪੁਛੋਗੇ ਕਿਉਂ ਜਵਾਬ ਹੈ :

ਅਸੀਂ ਪੰਜ ਭਾਈ ਹਾਂ, ਪਿੰਡ ਵਿਚ ਤਾਂ ਕੀ ਨੇੜੇ ਤੇੜੇ ਦੇ ਇਲਾਕੇ ਵਿਚੋਂ ਹੀ ਸਾਡੇ ਜਿੰਨਾਂ ਪੜ੍ਹਿਆ ਬੰਦਾ ਦੋ ਚਾਰ ਸਾਲ ਪਹਿਲਾਂ ਹੀ ਨਹੀਂ ਸੀ ਲੱਭਦਾ । ਸਮਝਦਾਰ ਮਜ਼ਦੂਰ ਪਿਤਾ ਦੀ ਵਿਰਾਸਤ ਵਿਚੋਂ ਅਸੀਂ ਰੌਸ਼ਨ ਦਿਮਾਗ ਪਾਇਆ । ਪਰ ਭਾਅ ਜੀ ਏਨਾਂ ਪੜ੍ਹਣ ਦੇ ਬਾਵਜੂਦ, ਸੋਹਣੀ ਸ਼ਕਲਾਂ ਦੇ ਬਾਵਜੂਦ, ਚੰਗੀ ਰਹਿਣੀ ਬਹਿਣੀ ਦੇ ਬਾਵਜੂਦ, ਚੰਗਿਆਂ ਅਹੁਦਿਆਂ ਦੇ ਬਾਵਜੂਦ ਵੀ ਅਸੀਂ ਕਰਤਾਰ ਜੁਲਾਹੇ ਦੇ ਪੁੱਤ ਹਾਂ ਤੇ ਪਿੰਡ ਦੀ 99 ਫੀਸਦੀ ਕਾਬਜ ਅਬਾਦੀ ਨੂੰ ਸਾਡੇ ਤੇ ਕੋਈ ਮਾਣ ਨਹੀਂ, ਸਾਡੇ ਨਾਲ ਕੋਈ ਸਾਂਝ ਨਹੀਂ । ਅਸੀਂ ਅੱਜ ਵੀ ਆਪਣੇ ਘਰ ਦੀ ਉਸੇ ਚਾਰ ਦਿਵਾਰੀ ਵਿਚ ਆਪਣਾ ਇਕੱਲਾ ਜੀਵਨ ਬਿਤਾਉਣ ਤੇ ਮਜ਼ਬੂਰ ਹਾਂ । ਤੇ ਭਾ ਜੀ ਉਹਨਾਂ ਲੋਕਾਂ ਦਾ ਕੀ ਹਾਲ ਹੈ ਜੋ ਕੁਝ ਵੀ ਨਹੀਂ ਤੇ ਸਿਰਫ ਕੱਛੇ ਬਾਟੀ ਮਾਰ ਕੇ ਕੁੱਤਿਆਂ ਵਾਂਗ ਪਈਆਂ ਬੁਰਕੀਆਂ ਖਾਣ ਉੱਚੇ ਘਰਾਂ ਨੂੰ ਤੁਰ ਪੈਂਦੇ ਹਨ ।

ਭਾਂ ਜੀ ਤੁਸੀਂ ਤਾਂ ਬਹੁਤ ਪਹੁੰਚ ਵਾਲੇ ਹੋ, ਤੁਸੀਂ ਵੀ ਕਦੀ ਨਹੀਂ ਸੋਚਿਆ ਸਾਡੇ ਬਾਰੇ । ਤੁਸੀਂ ਵੀ ਤਾਂ ਸਾਡੀ ਗੱਲ ਰੰਗ ਮੰਚ ਤੇ ਨਹੀਂ ਕੀਤੀ, ਭਾ ਜੀ ਤੁਹਾਨੂੰ ਵੀ ਡਰ ਲੱਗਦੈ ਤੁਸੀਂ ਵੀ ਸੋਚਦੇ ਹੋ ਕਿ ਜੇ ਤੁਸੀਂ ਸਾਡੀ ਗੱਲ ਕਰੋਗੇ ਤਾਂ ਉੱਚੇ ਲੋਕ ਤੁਹਾਡਾ ਪੰਡਾਲ ਹੀ ਛੱਡ ਜਾਇਆ ਕਰਨਗੇ ? ਭਾ ਜੀ ਸਾਡੇ ਵੱਲ ਤੱਕੋ । ਅਸੀਂ ਜਨਮ ਜਨਮਾਤਰਾਂ ਤੋਂ ਗੁਲਾਮ ਦਰ ਗੁਲਾਮ ਹਾਂ । ਮੰਨੂ ਦੇ ਇਸ ਕੋਹਜੇ ਸਮਾਜ ਨੇ ਸਾਨੂੰ ਕੁੱਤਿਆਂ ਤੋਂ ਵੱਧ ਕਦੀ ਕੁਝ ਨਹੀਂ ਸਮਝਿਆ ਤੇ ਨਾ ਸਮਝਣਾ ਹੈ ।

ਤਾਂ ਫਿਰ ਭਾ ਜੀ ਸਾਨੂੰ ਸਮਝ ਨਹੀਂ ਪੈਂਦੀ ਕਿ ਉਹ ਸਮਾਜਬੰਦੀ ਇਨਕਲਾਬ ਕਿਹੜਾ ਇਨਕਲਾਬ ਹੈ ਜੋ ਸਾਡੇ ਤੋਂ ਪਰਾਂ ਪਰਾਂ ਆ ਜਾਵੇਗਾ ।

ਧੰਨ ਹਨ ਉਹ ਕਾਮਰੇਡ ਜਿੰਨਾਂ ਨੇ ਸਾਰੀ ਉਮਰ ਥੜ੍ਹਿਆਂ ਦੇ ਖੜ੍ਹ 2 ਡੀਗਾਂ ਮਾਰੀਆਂ ਹਨ ਪਰ ਇਹ ਕਦੀ ਨਹੀਂ ਆਖਿਆ ਲੋਕੋ ! ਇਹ ਬੰਦੇ ਹਨ ਮਨੁੱਖ ਹਨ ਆਪਣੇ ਵਰਗੇ ਆਪਣੇ ਵਿਚੋਂ ਤੇ ਸਾਡੀ ਤੇ ਇਨ੍ਹਾਂ ਦੀ ਹਰ ਸ਼ੈਅ ਸਾਂਝੀ ਹੈ ।

ਜੋ ਕੋਈ ਇੰਜ ਆਖਦਾ ਤਾਂ ਜ਼ਰੂਰ ਹੀ 34 ਸਾਲਾਂ ਵਿੱਚ ਇਕ ਲੰਬੀ ਕਤਾਰ ਲਗ ਜਾਣੀ ਸੀ ਜਿਸ ਵਿਚੋਂ ਕਿਸੇ ਸ਼ੂਦਰ ਦੀ ਜਾਂ ਕਿਸੇ ਉਚ ਲੋਕ ਦੀ ਪਛਾਣ ਖਤਮ ਹੋ ਜਾਣੀ ਸੀ। ਕਿੰਨਾ ਅਜੀਬ ਹੈ ਕਿ ਇਹਨਾਂ ਜਨਮਾਂ ਜਨਮਾਤਰਾਂ ਦੇ ਮਾਰਿਆਂ ਦਾ ਆਸਰਾ ਇਨਕਲਾਬ ਵੀ ਇਹਨਾਂ ਦੀ ਭਿੱਟ ਤੋਂ ਡਰਦਾ ਹੈ । ਭਾਜੀ ! ਜਦੋਂ ਮੈਂ ਇਹ ਸੋਚਦਾ ਹਾਂ ਤਾਂ ਲਗਦਾ ਹੈ ਕਿ ਇਹ ਧਰਤੀ ਮੇਰੀ ਨਹੀਂ । ਮੈਂ ਇਸ ਨੂੰ ਨਫਰਤ ਕਰਦਾ ਹਾਂ ਤੇ ਮੈਂ ਅਜਿਹੇ ਜਿਉਣ ਨਾਲੋਂ ਮਰ ਮਿਟ ਜਾਣਾ ਚੰਗਾ ਸਮਝਦਾ ਹਾਂ ।

ਭਾ ਜੀ ਗੁੱਸਾ ਨਾ ਕਰਨਾ । ਮੈਂ ਬੱਚਾ ਹਾਂ ਅਜੇ । ਹਾਂ ਜਵਾਬ ਜ਼ਰੂਰ ਦੇਣਾ । ਮੈਂ ਉਡੀਕ ਕਰੂੰਗਾ ।

ਤੁਹਾਡਾ—ਭਾਈ ਲਿਖਾਂ ਕਿ ਅਜੇ ਨਹੀਂ !

ਗੁਰਨਾਮ ਸਿੰਘ
ਡਬਲ ਐਮ. ਏ., ਬੀ. ਐੱਡ

## ਗੱਡੀ ਦੇ ਸਫ਼ਰ ਦੌਰਾਨ

o

ਗੱਡੀ ਦੀ ਤੇਜ਼ ਰਫਤਾਰ ਵਾਂਗ ਦਿਮਾਗਾਂ ਵਿਚ ਤੇਜ਼ੀ ਹੈ — ਖੁੱਲੇ ਕੈਬਿਨ ਨੁਮਾ ਡੱਬੇ ਦੇ ਕੈਬਿਨ ਵਿਚ ਕਈ ਤਰ੍ਹਾਂ ਦੇ ਲੋਕ ਬੈਠੇ ਹਨ। ਜੋ ਆਵਦੇ ਆਵਦੇ ਲਈ ਚੰਗੀ ਸੀਟ ਮਿਲ ਜਾਣ ਕਰਕੇ ਸੁਖਾਵਾਂ ਮਹਿਸੂਸ ਕਰ ਰਹੇ ਹਨ। ਗੱਡੀ ਇਕ ਸਟੇਸ਼ਨ ਤੇ ਰੁੱਕੀ ਤੇ ਤੁਰ ਪਈ। ਕੁੱਝ ਲੋਕ ਹੋਰ ਆ ਗਏ ਪਰ ਸਾਰੇ ਆਵਦੇ ਆਪ ਵਿਚ ਮਸਤ ਨੇ। ਇਕ ਦੁਕਾਨਦਾਰ ਨੇ ਇਸੇ ਕੈਬਿਨ ਵਿਚ ਆ ਕੇ ਆਵਦੇ ਬੈਠਣ ਲਈ ਥਾਂ ਬਣਾ ਲਈ ਤੇ ਉਹ ਹੋਰ ਯਾਤਰੀਆਂ ਨੂੰ ਵੀ ਬਠਾਉਣ ਦੀ ਕੋਸ਼ਿਸ਼ ਵਿਚ ਹੈ। ਜਿਉਂ ਜਿਉਂ ਗਡੀ ਦੀ ਰਫਤਾਰ ਤੇਜ਼ ਹੋਈ ਨਾਲ ਦੇ ਕੈਬਿਨ ਵਿਚੋਂ ਚਲ ਰਹੀ ਰੇਲਵੇ ਹੜਤਾਲ ਬਾਰੇ ਚਰਚਾ ਵੀ ਰਫ਼ਤਾਰ ਫੜ ਗਈ। ਹੁਣੇ ਹੁਣੇ ਆਏ ਦੁਕਾਨਦਾਰ ਨੇ ਅਖਬਾਰ ਪੜਨਾ ਛੱਡ ਦਿੱਤਾ ਤੇ ਆਖ਼ਿਰ ਉਹ ਉੱਚੀ ਉੱਚੀ ਬੋਲਣ ਲਗ ਪਿਆ —

ਦੁਕਾਨਦਾਰ : ਇਹਨਾਂ ਹੜਤਾਲਾਂ ਨੇ ਦੇਸ਼ ਦਾ ਭੱਠਾ ਬਹਾ ਦਿਤਾ — ਪਬਲਿਕ ਨੂੰ ਹੈਰਾਨ ਕਰ ਰਹੇ ਨੇ — ਲੋਕਾਂ ਦੀ ਇਹਨਾਂ ਨਾਲ ਕੋਈ ਹਮਦਰਦੀ ਨਹੀਂ। ਇਸ ਤਰ੍ਹਾਂ ਦੀਆਂ ਹੜਤਾਲਾਂ ਨਹੀਂ ਕਰਨੀਆਂ ਚਾਹੀਦੀਆਂ ਜਿਸ ਨਾਲ ਪਬਲਿਕ ਨੂੰ ਪਰੇਸ਼ਾਨੀ ਹੋਵੇ ... ਇਸ ਤਰ੍ਹਾਂ ਤਾਂ ਲੋਕ ਇਹਨਾਂ ਦੇ ਉਲਟ ਹੋਈ ਜਾ ਰਹੇ ਐ ਸਗੋਂ ...

ਐ.ਡੀ.ਓ. : ਹੋਰ ਕਰਨ ਵੀ ਕੀ ... ਸਰਕਾਰ ਤੇ ਦਬਾ ਪਾਉਣ ਲਈ ਹੜਤਾਲਾਂ ਨਾ ਕਰਨ ਤਾਂ ਹੋਰ ਕੀ ਕਰਨ ?

ਦੁਕਾਨਦਾਰ : ਐਡੀ ਕੀ ਮਜ਼ਬੂਰੀ ਐ ਜੀ ਇਹਨਾਂ ਨੂੰ ਜਦੋਂ ਜੀ ਕਰੇ ਹੜਤਾਲ ਕਰ ਦਿਓ ... ਆਖਿਰ ਕੋਈ ਡਸਿਪਲਨ ਚਾਹੀਦਾ ... ਦੇਸ਼ ਦਾ ਭੱਠਾ ਬੈਠ ਰਿਹਾ ...

ਐਸ.ਡੀ.ਓ. : ਕੇਹੜੀ ਮਜ਼ਬੂਰੀ ਨਹੀਂ — ਪੈਟਰੋਲ ਕਿੰਨਾ ਮਹਿੰਗਾ ਹੋ ਗਿਆ ਖੰਡ ਬਾਰੇ ਤੁਸੀਂ ਸਾਰ ਜਾਣਦੇ ਈ ਓ ...

ਦੁਕਾਨਦਾਰ : ਐਵੇਂ ਗੱਲਾਂ ਨੇ ਜੀ ... ਮਜਬੂਰੀ ਕੀ ਐ ... ਕਿਸੇ ਦਫ਼ਤਰ 'ਚ ਚਲੇ ਜਾਓ ਪੈਸੇ ਬਿਨਾ ਗੱਲ ਨੀ ਕਰਦੇ ਤਨਖਾਹ ਪਿਛੇ ਕੋਈ ਦਫਤਰਾਂ 'ਚ ਆਉਂਦਾ ! ਰਜਿਸਟਰੀ ਕਲਕਰ ਕੋਲ ਜਾਓ ਚਾਲੀ ਪੰਜਾਹ ਤੋਂ ਬਿਨਾਂ ਗਲ ਨੀ ਕਰਦਾ।

ਐਸ.ਡੀ.ਓ. : ਇਹ ਤਾਂ ਜੀ ਐ ...

ਦੁਕਾਨਦਾਰ : ਸਭ ਦਾ ਪੈਸਾ ਇਕੱਠਾ ਕਰਨ ਤੇ ਜ਼ੋਰ ਲਗਿਆ ... ਦੇਸ਼ ਦਾ ਤਾਂ ਕਿਸੇ ਨੂੰ ਹੈ ਈ ਸੀ ... ਬਸ ਹੜਤਾਲਾਂ ਕਰ ਦਿਓ ... ਭੱਠਾ ਬੈਠਣ ਤੇ ਆਇਆ ਮੁਲਕਦਾ ... ਸਭ ਪੈਸੇ ਦੇ ਰੌਲੇ ਐ ਪੈਸਾ ਖ਼ਤਮ ਕਰ ਦਿਓ ਸਭ ਠੀਕ ਹੋ ਸਕਦਾ ...

ਐਸ.ਡੀ.ਓ. : ਪੈਸਾ ਐਂ ਕਿਵੇਂ ਖਤਮ ਹੋ ਸਕਦਾ ...

ਦੁਕਾਨਦਾਰ : ਦੇਖੋ ਜੀ ਸਾਰੀਆਂ ਬਿਮਾਰੀਆਂ ਦੀ ਜੜ ਪੈਸਾ ਈ ਐ ... ਸਾਰੇ ਸਵਾਰਥ ਪਿਛੇ ਭੱਜੇ ਫਿਰਦੈ ਐ ... ਸਾਰੇ ਕਾਸੇ ਦਾ ਨੈਸ਼ਲਾਈਜੇਸ਼ਨ ਕਰ ਦਿਓ ... ਸਰਕਾਰੀ ਹੋਟਲ ਖੋਲ੍ਹ ਦਿਓ ... ਸਰਕਾਰ ਰੋਟੀ ਦੇਵੇ ... ਜਮੀਨ ਜਾਏਦਾਤ ਸਾਰੀ ਸਰਕਾਰੀ ਨਾਂ ਕਰ ਦਿਓ।

ਇਕ ਕਿਸਾਨ : ਸਾਲੀ ਲੱਗਦੀ ਐ ਸਰਕਾਰ ... ਜ਼ਮੀਨ ਨਾਂ ਕਰ ਦਿਓ ...

ਐਸ.ਡੀ.ਓ. : ਐਂ ਕਿਵੇਂ ਚਲ ਸਕਦਾ ... ਪਤਾ ਐ ਕਿੰਨੀ 70 ਕਰੋੜ ਆਬਾਦੀ ਐ ...

ਦੁਕਾਨਦਾਰ : ਸਭ ਹੋ ਸਕਦਾ, ਸਾਰਿਆਂ ਨੂੰ ਰੋਟੀ ਕਪੜਾ ਦਿਓ ... ਸਭ ਨੂੰ ਇਕੋ ਜੀਆਂ ਵਰਦੀਆਂ ਹੋਣ, ਜੱਦ ਕਿ ਅੱਠ ਘੰਟੇ ਕੰਮ ਲੈਣ ... ਸਾਰੇ ਜੇ ਇਉਂ ਸੋਚਣ ਤਾਂ ਸਭ ਚਲ ਸਕਦਾ

ਐਸ.ਡੀ.ਓ. : ਕਲੀ ਰੋਟੀ ਪਿਛੇ ਕੌਣ ਕੰਮ ਕਰਦਾ ... ਐ ... ਐ ਕੌਣ ਸੋਚਦਾ ਐਂ ਨੀ ਚਲ ਸਕਦਾ ... ।

ਦੁਕਾਨਦਾਰ : ਚਲ ਸਕਦਾ ਜੀ ਜੇ ਸਾਰੇ ਦੇਸ਼ ਬਾਰੇ ਸੋਚਣ ... ਸਭ ਨੂੰ ਇਕੋ ਜਿਹਾ ਮਿਲੇ।

ਇਕ ਵਪਾਰੀ : ਬਕਵਾਸ ਐ ਨਿਰਾ ... ਇਹ ਕੀ ਗਲ ਹੋਈ ... ਕੰਮ ਕਿਓਂ ਕਰੂ ਕੋਈ ਜਦੋਂ ਸਰਕਾਰ ਤੋਂ ਸਭ ਨੂੰ ਰੋਟੀ ਮਿਲੇਗੀ ਬੱਸ ਠੀਕ ਐ ਫਿਰ ...

ਦੁਕਾਨਦਾਰ : ਠੀਕ ਕੀ ਐ ... ਕੰਮ ਚਲਦਾ ਕਿਵੇਂ ਸੀ ... ਜਦੋਂ ਸਭ ਨੂੰ ਕੰਮ ਮਿਲੇ ਤਾਂ ਅਗਲਾ ਕੰਮ ਕਰੇ ... ਜੇਹੜਾ ਕੰਮ ਨੀ ਕਰਦਾ ... ਗੋਲੀ ਮਾਰ ਦੇਣ ... ਦੇਖੋ ਫੇਰ ਕੰਮ ਕਿਵੇਂ ਨੀ ਚਲਦਾ ...

ਵਪਾਰੀ : ਇਹ ਕੀ ਗੱਲ ਹੋਈ ... ਜੇਹੜਾ ਬੰਦਾ ਜ਼ਿਆਦਾ ਕੰਮ ਕਰਦਾ ਉਹਨੂੰ ਵੀ ਉੱਨਾ ... ਜੇਹੜਾ ਘੱਟ ਕਰਦਾ ਉਹਨੂੰ ਵੀ ਉੱਨਾ ਪੜ੍ਹਣ ਲਿਖਣ ਦੀ ਲੋੜ ਕੀ ਐ ਫਿਰ ... ਡਿਕਟੇਟਰ ਹੋਈ ਫੇਰ ਤਾਂ ...

ਦੁਕਾਨਦਾਰ : ਠੀਕ ਐ ਬੰਦੇ ਦਿਮਾਗ ਲਾਉਂਦੇ ਐ ... ਪਰ ਦਿਮਾਗੀ ਮੇਹਨਤ ਦਾ ਤੇ ਜਿਸਮਾਨੀ ਮੇਹਨਤ

Registered with Registrar of News Paper Vide No. MA/1/2397-D dated 14.8.80

ਦਾ ਐਨਾ ਫ਼ਰਕ ਨੀ ਚਾਹੀਦਾ ... ਇਕ ਮਜ਼ਦੂਰ ਜੇਹੜਾ ਸਾਰਾ ਦਿਨ ਹੱਡ ਤੋੜਦਾ ... ਉਹਨੂੰ 300 ਤੇ ਜੇਹੜਾ ਸਾਰਾ ਦਿਨ ਕੁਰਸੀ ਤੇ ਬੈਠਾ ਗੱਲਾਂ ਮਾਰਦਾ ਉਹਨੂੰ 3500 ... ਏਸਾ ਫਰਕ ਨੀ ਚਾਹੀਦਾ ...

(ਉਪਰਲੀ ਸੀਟ ਤੇ ਸੁਸਤਾ ਰਿਹਾ ਇਕ ਬਾਬੂ ਆਵਦੀ ਟਾਈ ਤੇ ਐਨਕਾਂ ਸੂਤ ਕਰਕੇ ਹੇਠਾਂ ਨੂੰ ਉਲਰਿਆ)

ਬਾਬੂ : ਭਾਈ ਸਾਹਿਬ ... ਭਾਈ ਸਾਹਿਬ, ... ਅਗਲੇ ਖਰਚਾ ਪਤਾ ਕਿਨਾਂ ਕਰਦੇ ਐ ਪੜ੍ਹਾਈ ਤੇ ... ਵੱਧ ਉਹਨਾਂ ਨੂੰ ਮਿਲੇ ਵੀ ਕਿਉਂ ਨਾ ?

ਦੁਕਾਨਦਾਰ : ਜੇ ਪੜ੍ਹਾਈ ਤੇ ਖਰਚਾ ਸਰਕਾਰ ਕਰੇ ਤਾਂ ਫੇਰ ਤੁਸੀਂ ਇਓਂ ਨਾ ਸੋਚੋ ... ਅਸਲ 'ਚ ਸਭ ਨੂੰ ਆਪੋ ਆਪਣੀ ਪਈ ਐ ... ਅਸਲ 'ਚ ਸਵਾਰਥ ਐ ... ਜਿਨਾਂ ਚਿਰ ਇਹ ਨੀ ਖਤਮ ਹੁੰਦਾ ਉਨਾ ਚਿਰ ਕੁਝ ਨੀ ਬਣ ਸਕਦਾ ... ਦੇਸ਼ ਦੀ ਤਰਕੀ ਨੀ ਹੋ ਸਕਦੀ ... ਰੂਸ ਐ ਦੇਖੋ ਕਿੰਨੀ ਤਰੱਕੀ ਕੀਤੀ ਐ ... ਨਾਲੇ ਸਾਰਾ ਕੁਝ ਸਰਕਾਰੀ ਐ ... ਸਾਰਾ ਕੰਮ ਵਧੀਆ ਚਲਦਾ ...

ਐਸ.ਡੀ ਓ. : ਉਥੋਂ ਦੀ ਆਬਾਦੀ ਪਤਾ ਕਿੰਨੀ ਐ ... 20 ਕਰੋੜ ਅਬਾਦੀ ਐ ਸਾਰੀ ...

ਵਪਾਰੀ : ਤੇ ਏਥੇ 70 ਕਰੋੜ ਐ ... ਪਤਾ ਜੇ ਸਰਕਾਰ ਤੋਂ ਰੋਟੀ ਮਿਲਣ ਲਗ ਜੇ ... ਪੰਜਾਹ, ਪੰਜਾਹ ਜੁਆਕ ਬਣਾ ਦੇਣਗੇ ਅਗਲੇ ... ਕਿਥੇ ਫਿਰਦੇਂ ਓਂ ... ਭੱਠਾ ਬਹਿ ਜੂ ...

ਦੁਕਾਨਦਾਰ : ਐਂ ਜੀ ਅਬਾਦੀ ਆਲੇ ਮੁਲਖ ਕੇਹੜਾ ਹੈ ਨੀ ... ਲਓ ਚੀਨ ਐ ... ਉਥੇ ਕੇਹੜਾ ਐ ਹੈ ਨੀ ...

ਐਸ.ਡੀ.ਓ. : ਕੇਹੜੀ ਤਰੱਕੀ ਕਰਲੀ ਫੇਰ ਉਸ ਦੇਸ਼ ਨੇ ... ?

ਦੁਕਾਨਦਾਰ : ਐ ਜੀ ਤਰੱਕੀ ਕੀਤੀ ਐ ... ਆਪਣੇ ਨਾਲੋਂ ਕਿਤੇ ਅਗੇ ਐ ...

ਐਸ.ਡੀ ਓ. : ਤੁਸੀਂ ਦਸੋ ਤਾਂ ਸਹੀ ਕੀ ਤਰੱਕੀ ਕੀਤੀ ਐ ...

ਵਪਾਰੀ : ਦਸੋ ਕੀ ਤਰੱਕੀ ਕੀਤੀ ਐ ... ਡਿਕਟੇਟਰ ਸ਼ਿਪ ਐ ਉਥੇ ...

ਦੁਕਾਨਦਾਰ : ਉਹਨਾਂ ਨੇ ਤੇ ਜੀ ਐ ... ਡਿਫੈਂਸ 'ਚ ਆਪਣੇ ਨਾਲੋਂ ਕਿਤੇ ਅਗੇ ਐ ...

ਇਕ ਸਰਦਾਰ : ਡਿਫੈਂਸ 'ਚ ਤਾਂ ਐਂ ਅਮਰੀਕਾ ਕਿਤੇ ਅਗੇ ਐ ...

ਦੁਕਾਨਦਾਰ : ਉਹ ਹੋਰ ਗੱਲ ਐ ਜੀ ... ਸਵਾਰਥੀ ਐ ... ਏਥੇ ਸਾਰੇ ...

ਵਪਾਰੀ : ਐਵੇਂ ਬੋਲਣ ਦੀ ਕੀ ਫਾਇਦਾ ... ਤੁਸੀਂ ਕੀ ਕਰਦੇ ਓ ... ਤੁਸੀਂ ਸਵਾਰਥ ਕਿੰਨਾ ਕੁ ਛਡਦੇ ਓ ... ਇਹਨਾਂ ਫਜ਼ੂਲ ਗੱਲਾਂ ਤੇ ਅਮਲ ਕਿਉਂ ਨੀ ਕਰਦੇ

ਦੁਕਾਨਦਾਰ : ਅਮਲ ਏਸ ਤੇ ਅਸੀਂ ਕਿਓਂ ਕਰੀਏ ... ਹਾਲਾਤ ਈ ਏਸ ਤਰ੍ਹਾਂ ਦੇ ਨੇ ... ਕੋਈ ਕਰ ਵੀ ਕੀ ਸਕਦਾ ... ਅਸੀਂ ਸਾਰੇ ਦੇਖਲੇ ... ਕਾਂਗਰਸੀ ਜਨਤਾ ... ਅਕਾਲੀ ... ਸਭ ਤਿਜੋਰੀਆਂ ਭਰਨ 'ਚ ਲਗੇ ਨੇ ...

ਬਾਬੂ : ਗਲ ਤਾਂ ਇਹ ਹੈ ਕਿ ਤੁਸੀਂ ਕੀ ਕਰਦੇ ਓ ...

ਦੁਕਾਨਦਾਰ : ਹਲਾਤ ਮੁਤਾਬਕ ਚਲਣਾ ਪੈਂਦਾ ... ਹਾਲਾਤ ਈ ਏਹੋ ਜੇ ਨੇ ...

ਵਪਾਰੀ : ਬੱਸ ਫੇਰ ... ਐਵੇਂ ਫਜ਼ੂਲ ਗੱਲਾਂ ਦਾ ਕੀ ਫਾਇਦਾ ... ਸਭ ਬਕਵਾਸ ਐ ...

(ਸਾਰੇ ਚੁਪ ਕਰਕੇ ਬੈਠ ਗਏ ... ਦੁਕਾਨਦਾਰ ਫਿਰ ਅਖ਼ਬਾਰ ਪੜ੍ਹਣ ਲਗ ਪਿਆ ... ਸਟੇਸ਼ਨ ਨੇੜੇ ਆ ਗਿਆ ... ਕਾਫੀ ਜਣੇ ਉਠ ਕੇ ਗੇਟ ਕੋਲ ਚਲੇ ਗਏ ...]

ਸਰਦਾਰ : ਕੀ ਗਲ ਚੁਪ ਕਰਕੇ ਬੈਠ ਗਏ ਸੇਠ ਜੀ ?

ਦੁਕਾਨਦਾਰ : ਹੋਰ ਕੀ ਐ ਜੀ ... ਜਦੋਂ ਸਾਰੇ ਇਕ ਪਾਸੇ ਹੋਣ ਫੇਰ ਇਕੱਲਾ ਕੋਈ ਕੀ ਕਰ ਸਕਦਾ ...

ਸਰਦਾਰ : ਤੁਸੀਂ ਦਿੱਲੀ ਜਾ ਰਹੇ ਓ ?

ਦੁਕਾਨਦਾਰ : ਹਾਂ ਜੀ ਸਮਾਨ ਲੈਣ ਜਾਂਦੇ ਈ ਰਹੀ ਦਾ ...

ਸਰਦਾਰ : ਚੰਗੀ ਗਲ ਐ ... ਜੀ ... ਕੰਮ ਚਲਣਾ ਚਾਹੀਦਾ ... ਕਿਵੇਂ ਵੀ ਚਲੇ ...

[ਗੱਡੀ ਰੁਕੀ ਤੇ ਫਿਰ ਕੁੱਝ ਪਲਾਂ ਵਿਚ ਹੀ ਤੇਜ਼ ਹੋ ਗਈ ਗੱਡੀ ਦੀ ਤੇਜ਼ ਰਫਤਾਰ ਵਾਂਗ ਦਿਮਾਗ਼ਾਂ ਵਿਚ ਤੇਜ਼ੀ ਹੈ ... ਮੰਜ਼ਲ ਤੇ ਮਕਸਦ ਬਾਰੇ]

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ । ਛਪਾਈ ਪ੍ਰਭਜੋਤ ਪ੍ਰਿੰਟਿੰਗ ਪ੍ਰੈਸ, ਬਹਾਦਰ ਨਗਰ, ਅੰਮ੍ਰਿਤਸਰ ਵਿਚ ਹੋਈ । ਪ੍ਰਬੰਧਕੀ ਸਰਨਾਮਾ : ਗੁਰੂ ਖ਼ਾਲਸਾ ਨਿਵਾਸ ਡਾਕਖ਼ਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ—143002

ਵਾਰਸ਼ਿਕ ਚੰਦਾ : 20 ਰੁਪਏ, ਵਿਦੇਸ਼ 60 ਰੁਪਏ